ਐਤਵਾਰ, 25 ਅਕਤੂਬਰ, 2026
9 ਕੱਤਕ { ਨਾਨਕਸ਼ਾਹੀ 558 / ਬਿਕਰਮੀ 2083
ਜਿਲਦ/VOL. : 75
ਅੰਕ/NO. : 145

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • SUNDAY, 25 OCTOBER, 2026 ਜਲੰਧਰ

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 8+6=14

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

# ਨਸ਼ਿਆਂ ਲਈ ਕੇਂਦਰ ਤੇ ਸੂਬਾ ਸਰਕਾਰ ਜ਼ਿੰਮੇਵਾਰ : ਟਿਕੈਤ

**ਮਾਨਸਾ (ਆਤਮਾ ਸਿੰਘ ਪਮਾਰ)**



ਪੰਜਾਬ ਵਿੱਚ ਨਸ਼ਿਆਂ ਦੇ ਪਸਾਰ ਲਈ ਕੇਂਦਰ ਅਤੇ ਪੰਜਾਬ ਸਰਕਾਰ ਦੋਵੇਂ ਬਰਾਬਰ ਦੀਆਂ ਜ਼ਿੰਮੇਵਾਰ ਹਨ। ਨਸ਼ਿਆਂ ਵਿਰੁੱਧ ਆਵਾਜ਼ ਬੁਲੰਦ ਕਰਨ ਵਾਲੇ ਪਰਵਿੰਦਰ ਸਿੰਘ ਝੋਟਾ ਦਾ ਕਤਲ ਸਿਰਫ਼ ਇੱਕ ਨੌਜਵਾਨ ਦੀ ਜਾਨ ਜਾਣ ਦਾ ਮਾਮਲਾ ਨਹੀਂ, ਸਗੋਂ ਨਸ਼ਿਆਂ ਵਿਰੁੱਧ ਲੜ ਰਹੇ ਲੋਕਾਂ ਦੀ ਸੁਰੱਖਿਆ ਅਤੇ ਸਰਕਾਰਾਂ ਦੀ ਜਵਾਬਦੇਹੀ ਨਾਲ ਜੁੜਿਆ ਗੰਭੀਰ ਸਵਾਲ ਹੈ। ਇਹ ਪ੍ਰਗਟਾਵਾ ਭਾਰਤੀ ਕਿਸਾਨ ਯੂਨੀਅਨ ਦੇ ਕੌਮੀ ਆਗੂ ਰਾਕੇਸ਼ ਟਿਕੈਤ ਨੇ ਸ਼ਨੀਵਾਰ ਮਾਨਸਾ ਵਿਚ ਪਰਵਿੰਦਰ ਸਿੰਘ ਝੋਟਾ ਨੂੰ ਇਨਸਾਫ਼ ਦਿਵਾਉਣ ਲਈ ਚੱਲ ਰਹੇ ਧਰਨੇ ਨੂੰ ਸੰਬੋਧਨ ਕਰਦਿਆਂ ਕੀਤਾ। ਟਿਕੈਤ ਨੇ ਕੇਂਦਰ ਅਤੇ ਪੰਜਾਬ ਸਰਕਾਰ ਦੀ ਨਿਖੇਧੀ ਕਰਦਿਆਂ ਕਿਹਾ ਕਿ ਨਸ਼ਿਆਂ ਦਾ ਕਾਰੋਬਾਰ ਰੋਕਣਾ ਦੋਵਾਂ ਸਰਕਾਰਾਂ ਦੀ ਜ਼ਿੰਮੇਵਾਰੀ ਹੈ। ਉਨ੍ਹਾ ਸਵਾਲ ਉਠਾਇਆ ਕਿ ਜੇਕਰ ਸਰਕਾਰਾਂ ਨਸ਼ਿਆਂ ਨੂੰ ਖ਼ਤਮ ਕਰਨ ਲਈ ਗੰਭੀਰ ਹਨ ਤਾਂ ਫਿਰ ਨਸ਼ਿਆਂ ਦੇ ਸੌਦਾਗਰਾਂ ਵਿਰੁੱਧ ਅਸਰਦਾਰ ਕਾਰਵਾਈ ਕਿਉਂ ਨਹੀਂ ਹੋ ਰਹੀ। ਉਨ੍ਹਾ ਕਿਹਾ ਕਿ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਤੋਂ ਬਚਾਉਣ ਲਈ ਸਿਰਫ਼ ਐਲਾਨਾਂ ਦੀ ਥਾਂ ਜ਼ਮੀਨੀ ਪੱਧਰ 'ਤੇ ਸਖ਼ਤ ਕਦਮ ਚੁੱਕਣ ਦੀ ਲੋੜ ਹੈ।

ਕਿਸਾਨ ਆਗੂ ਨੇ ਕਿਹਾ ਕਿ ਪਰਵਿੰਦਰ ਸਿੰਘ ਝੋਟਾ ਨੇ ਨਸ਼ਿਆਂ ਵਿਰੁੱਧ ਜਿਹੜੀ ਲੜਾਈ ਸ਼ੁਰੂ ਕੀਤੀ ਸੀ, ਉਸ ਨੂੰ ਅਧਵਾਟੇ ਨਹੀਂ ਛੱਡਿਆ ਜਾਵੇਗਾ। ਉਨ੍ਹਾ ਇਸ ਸੰਘਰਸ਼ ਨੂੰ ਹੋਰ ਵਿਸ਼ਾਲ ਅਤੇ ਮਜ਼ਬੂਤ ਬਣਾਉਣ ਦਾ ਸੱਦਾ ਦਿੰਦਿਆਂ ਕਿਹਾ ਕਿ ਝੋਟਾ ਦੇ ਕਤਲ ਲਈ ਜ਼ਿੰਮੇਵਾਰ ਵਿਅਕਤੀਆਂ ਨੂੰ ਸਖ਼ਤ ਸਜ਼ਾਵਾਂ ਦਿਵਾਉਣ ਦੇ ਨਾਲ-ਨਾਲ ਨਸ਼ਿਆਂ ਦੇ ਸੌਦਾਗਰਾਂ ਵਿਰੁੱਧ ਵੀ ਫ਼ੈਸਲਾਕੁਨ ਕਾਰਵਾਈ ਯਕੀਨੀ ਬਣਾਉਣ ਲਈ ਸੰਘਰਸ਼ ਤੇਜ਼ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾ ਕਿਹਾ ਕਿ ਪੰਜਾਬ ਦੇ ਨੌਜਵਾਨਾਂ ਦੀਆਂ ਜਾਨਾਂ ਦਾ ਸਵਾਲ ਕਿਸੇ ਇੱਕ ਪਰਵਾਰ ਜਾਂ ਜਥੇਬੰਦੀ ਤੱਕ ਸੀਮਤ ਨਹੀਂ । ਨਸ਼ਿਆਂ ਕਾਰਨ ਉਜੜ ਰਹੇ ਘਰਾਂ ਅਤੇ ਆਪਣੇ ਪੁੱਤਰ ਗੁਆ ਰਹੇ ਮਾਪਿਆਂ ਦਾ ਦਰਦ ਸਮੁੱਚੇ ਸਮਾਜ ਦਾ ਦਰਦ ਹੈ। ਉਨ੍ਹਾ ਜ਼ੋਰ ਦਿੱਤਾ ਕਿ ਕਿਸਾਨਾਂ, ਮਜ਼ਦੂਰਾਂ, ਨੌਜਵਾਨਾਂ ਤੇ ਸਮਾਜਿਕ ਜਥੇਬੰਦੀਆਂ ਨੂੰ ਨਸ਼ਿਆਂ ਵਿਰੁੱਧ ਸਾਂਝੀ ਆਵਾਜ਼ ਬੁਲੰਦ ਕਰਨੀ ਪਵੇਗੀ। ਉਨ੍ਹਾ ਕਿਹਾ ਕਿ ਇਸ ਲੜਾਈ ਦਾ ਅਸਲ ਮਕਸਦ ਸਿਰਫ਼ ਇੱਕ ਕਤਲ ਦਾ ਇਨਸਾਫ਼ ਹਾਸਲ ਕਰਨਾ ਹੀ ਨਹੀਂ, ਸਗੋਂ ਅਜਿਹਾ ਮਾਹੌਲ ਸਿਰਜਣਾ ਵੀ ਹੈ, ਜਿਸ ਵਿੱਚ ਨਸ਼ਿਆਂ ਵਿਰੁੱਧ ਆਵਾਜ਼ ਉਠਾਉਣ ਵਾਲੇ ਕਿਸੇ ਹੋਰ ਨੌਜਵਾਨ ਨੂੰ ਆਪਣੀ ਜਾਨ ਨਾ ਗੁਆਉਣੀ ਪਵੇ।

ਇਸ ਮੌਕੇ ਜਥੇਬੰਦੀ ਦੇ ਸੂਬਾਈ ਪ੍ਰਧਾਨ ਹਰਿੰਦਰ ਸਿੰਘ ਲੱਖੋਵਾਲ, ਨਿਰਮਲ ਸਿੰਘ ਝੰਡੂਕੇ, ਸੁਖਮਨ ਪੰਜਾਬ ਯੂਨੀਵਰਸਿਟੀ, ਹਰਿੰਦਰ ਸਿੰਘ ਮਾਨਸ਼ਾਹੀਆ, ਸੁਨੀਲ ਸੰਧੂ, ਭਗਵੰਤ ਸਮਾਓ, ਲਵਪ੍ਰੀਤ ਕੌਰ ਕੋਟ ਭਾਰਾ, ਮਨਜੀਤ ਸਿੰਘ, ਧੰਨਾ ਮੱਲ ਗੋਇਲ, ਕ੍ਰਿਸ਼ਨ ਚੌਹਾਨ, ਗਗਨ ਸਿਰਸੀਵਾਲਾ, ਅਮਨ ਪਟਵਾਰੀ, ਕੁਲਵਿੰਦਰ ਸੁੱਖੀ, ਗੁਰਪ੍ਰੀਤ ਭੰਮੇ, ਹੰਸ ਰਾਜ ਮੋਫ਼ਰ, ਨਰਿੰਦਰ ਕੌਰ ਬੁਰਜ ਹਮੀਰਾ, ਰਜਿੰਦਰ ਸਿੰਘ, ਲੱਖਾ ਸਿਧਾਣਾ, ਮਹਿੰਦਰ ਭੈਣੀ, ਹਰਦੀਪ ਸਿੱਧੂ, ਹੰਸ ਰਾਜ ਮੋਫ਼ਰ, ਮਾਨਕ ਗੋਇਲ, ਗੁਰਦੇਵ ਸਿੰਘ, ਹਸਨ ਸਰਦਾਰ, ਗੁਰਮੀਤ ਸਿੰਘ, ਕੁਸ਼ੱਲਿਆ ਦੇਵੀ, ਸਤਵੰਤ ਸਿੰਘ , ਜਗਤਾਰ ਝੱਬਰ ਤੇ ਬੂਟਾ ਸਿੰਘ ਕੋਟ ਲੱਲੂ ਆਦਿ ਆਗੂ ਵੀ ਹਾਜ਼ਰ ਸਨ।

# ਸੋਨੀਆ ਨੇ ਰਾਜੀਵ ਨਾਲ ਯਾਦਾਂ ਕੀਤੀਆਂ ਸਾਂਝੀਆਂ



**ਨਵੀਂ ਦਿੱਲੀ** : ਕਾਂਗਰਸ ਨੇਤਾ ਸੋਨੀਆ ਗਾਂਧੀ ਨੇ ਸਨਿੱਚਰਵਾਰ ਸੋਸ਼ਲ ਮੀਡੀਆ ਪਲੇਟਫਾਰਮ ਐੱਕਸ 'ਤੇ ਆਪਣਾ ਡੈਬਿਊ ਕੀਤਾ ਅਤੇ ਆਪਣੀ ਆਉਣ ਵਾਲੀ ਕਿਤਾਬ ਦੀ ਇੱਕ ਵੀਡੀਓ ਜਾਰੀ ਕੀਤੀ। ਗਾਂਧੀ ਦੀ ਪਹਿਲੀ ਕਿਤਾਬ, 'ਬਿਲੌਂਗਿੰਗ- ਏ ਜਰਨੀ ਆਫ਼ ਲਵ', ਜਿਸ ਵਿੱਚ ਉਹ ਰਾਜੀਵ ਗਾਂਧੀ ਨਾਲ ਆਪਣੀਆਂ ਯਾਦਾਂ ਅਤੇ ਆਪਣੇ ਜਵਾਨੀ ਦੇ ਦਿਨਾਂ ਤੋਂ ਲੈ ਕੇ ਹੁਣ ਤੱਕ ਦੇ ਆਪਣੇ ਸਫ਼ਰ ਨੂੰ ਸਾਂਝਾ ਕਰਦੀ ਹੈ, 10 ਨਵੰਬਰ ਨੂੰ ਲਾਂਚ ਕੀਤੀ ਜਾਵੇਗੀ। ਲਗਪਗ ਦੋ ਮਿੰਟ ਲੰਮੀ ਵੀਡੀਓ ਵਿੱਚ ਉਨ੍ਹਾ ਯਾਦ ਕੀਤਾ ਕਿ ਉਹ ਕੈਂਬਰਿਜ ਵਿੱਚ ਰਾਜੀਵ ਗਾਂਧੀ ਨੂੰ ਕਿਵੇਂ ਮਿਲੀ ਸੀ ਅਤੇ ਉਨ੍ਹਾ ਦੀਆਂ ਅਤੇ ਉਸ ਰੈਸਟੋਰੈਂਟ ਦੀਆਂ ਤਸਵੀਰਾਂ ਦਿਖਾਈਆਂ, ਜਿੱਥੇ ਉਹ ਪਹਿਲੀ ਵਾਰ ਮਿਲੇ ਸਨ। ਉਨ੍ਹਾ ਐੱਕਸ 'ਤੇ ਆਪਣੀ ਪਹਿਲੀ ਪੋਸਟ ਵਿੱਚ ਕਿਹਾ, 'ਕੈਂਬਰਿਜ ਦੇ ਇੱਕ ਛੋਟੇ ਜਿਹੇ ਗ੍ਰੀਕ ਰੈਸਟੋਰੈਂਟ ਵਿੱਚ ਮੇਰਾ ਪਿਆਰ ਦਾ ਸਫ਼ਰ ਸ਼ੁਰੂ ਹੋਇਆ ਸੀ। ਰਾਜੀਵ ਅਤੇ ਮੈਂ ਪਿਆਰ, ਹਾਸੇ ਅਤੇ ਯਾਦਾਂ ਨਾਲ ਭਰੀ ਇੱਕ ਦੁਨੀਆ ਸਿਰਜੀ। 10 ਨਵੰਬਰ ਨੂੰ ਮੈਂ ਉਹ ਦੁਨੀਆ ਤੁਹਾਡੇ ਨਾਲ ਸਾਂਝੀ ਕਰ ਰਹੀ ਹਾਂ।' ਵੀਡੀਓ ਵਿੱਚ ਤਸਵੀਰਾਂ ਦੇਖਦੇ ਹੋਏ ਕਾਂਗਰਸ ਸੰਸਦੀ ਪਾਰਟੀ ਦੀ ਚੇਅਰਪਰਸਨ ਨੇ ਰਾਜੀਵ ਗਾਂਧੀ ਨੂੰ ਇੱਕ ਬਹੁਤ ਹੀ ਖੂਬਸੂਰਤ (ਗੁੱਡ-ਲੁਕਿੰਗ) ਅਤੇ ਸੁਲਝੇ ਹੋਏ/ ਨਰਮ ਸੁਭਾਅ ਵਾਲੇ ਵਿਅਕਤੀ ਵਜੋਂ ਦੱਸਿਆ। ਜਦੋਂ ਉਨ੍ਹਾ ਨੂੰ ਪੁੱਛਿਆ ਗਿਆ ਕਿ ਰਾਜੀਵ ਗਾਂਧੀ ਨਾਲ ਪਿਆਰ ਹੋਣਾ ਕਿਹੋ ਜਿਹਾ ਸੀ, ਤਾਂ ਉਨ੍ਹਾ ਕਿਹਾ, 'ਉਨ੍ਹਾਂ ਦਿਨਾਂ ਵਿੱਚ ਇੰਗਲੈਂਡ ਵਿੱਚ ਖਾਣਾ ਬਹੁਤ ਖਰਾਬ ਹੁੰਦਾ ਸੀ। ਤੁਹਾਡੇ ਕੋਲ ਏਨੇ ਰੈਸਟੋਰੈਂਟ ਨਹੀਂ ਹੁੰਦੇ ਸਨ, ਜਿਵੇਂ ਕਿ ਅੱਜ ਤੁਹਾਡੇ ਕੋਲ ਹਨ ਅਤੇ ਇਸ ਲਈ ਮੈਂ ਲਗਾਤਾਰ ਇੱਕ ਅਜਿਹੀ ਜਗ੍ਹਾ ਲੱਭ ਰਹੀ ਸੀ, ਜਿੱਥੇ ਮੈਨੂੰ ਕੁਝ ਖਾਣਾ ਮਿਲ ਸਕੇ, ਜੋ ਮੇਰੇ ਕਿਸਮ ਦੇ ਖਾਣੇ ਦੇ ਨੇੜੇ ਹੋਵੇ, ਮਤਲਬ ਇਟਾਲੀਅਨ ਖਾਣਾ।' ਉਨ੍ਹਾ ਕਿਹਾ, 'ਫਿਰ ਅਸੀਂ ਇਸ ਜਗ੍ਹਾ (ਵਰਸਿਟੀ ਰੈਸਟੋਰੈਂਟ) ਦੀ ਖੋਜ ਕੀਤੀ। ਇਹ ਇੱਕ ਗ੍ਰੀਕ ਰੈਸਟੋਰੈਂਟ ਸੀ, ਜਿੱਥੇ ਕਈ ਯੂਰਪੀਅਨ ਵਿਦਿਆਰਥੀ, ਪਰ ਭਾਰਤੀ ਵਿਦਿਆਰਥੀ ਵੀ, ਆਪਣੇ ਖਾਣੇ ਲਈ ਜਾਂਦੇ ਸਨ। ਮੈਂ ਉਸੇ ਰੈਸਟੋਰੈਂਟ ਵਿੱਚ ਰਾਜੀਵ ਨੂੰ ਮਿਲੀ ਸਾਂ।' ਗਾਂਧੀ ਨੇ ਵੀਡੀਓ ਵਿੱਚ ਯਾਦ ਕਰਦਿਆਂ ਕਿਹਾ, 'ਜਦੋਂ ਮੈਂ ਉਨ੍ਹਾ ਨੂੰ ਪਹਿਲੀ ਵਾਰ ਮਿਲੀ, ਮੈਨੂੰ ਲਗਭਗ ਤੁਰੰਤ ਹੀ ਮਹਿਸੂਸ ਹੋਇਆ ਕਿ ਉਹ ਕੋਈ ਅਜਿਹਾ ਵਿਅਕਤੀ ਸੀ, ਜਿਸ ਨਾਲ ਮੈਂ ਸੱਚਮੁੱਚ ਰਹਿਣਾ ਚਾਹਾਂਗੀ।'

## ਸੀ ਬੀ ਆਈ ਵੱਲੋਂ ਮਾਨਸਾ ਦੇ ਮੈਡੀਕਲ ਸਟੋਰ 'ਤੇ ਛਾਪਾ

**ਮਾਨਸਾ** : ਨਸ਼ਾ ਵਿਰੋਧੀ ਕਾਰਕੁਨ ਪਰਮਿੰਦਰ ਸਿੰਘ ਝੋਟਾ ਕਤਲ ਕੇਸ ਵਿੱਚ ਸੀ ਬੀ ਆਈ ਨੇ ਸ਼ਨੀਵਾਰ ਇੱਕ ਵਾਰ ਫਿਰ ਮਾਨਸਾ ਮੈਡੀਕਲ ਹਾਲ 'ਤੇ ਛਾਪਾ ਮਾਰਿਆ। ਰਿਪੋਰਟਾਂ ਅਨੁਸਾਰ ਸੀ ਬੀ ਆਈ ਦੋ ਦਿਨ ਪਹਿਲਾਂ ਵੀ ਇਸੇ ਮੈਡੀਕਲ ਹਾਲ 'ਤੇ ਪਹੁੰਚੀ ਸੀ। ਉਸ ਸਮੇਂ, ਟੀਮ ਪੰਜਾਬ ਸਰਕਾਰ ਵੱਲੋਂ ਮੁਅੱਤਲ ਕੀਤੇ ਗਏ ਡਰੱਗ ਇੰਸਪੈਕਟਰ ਨਰੇਸ਼ ਕੁਮਾਰ ਨੂੰ ਵੀ ਆਪਣੇ ਨਾਲ ਲੈ ਕੇ ਆਈ ਸੀ ਅਤੇ ਦੁਕਾਨ ਤੋਂ ਪੁੱਛਗਿੱਛ ਕੀਤੀ ਸੀ। ਅਧਿਕਾਰੀਆਂ ਵੱਲੋਂ ਮੁੜ ਇਸੇ ਮੈਡੀਕਲ ਸਟੋਰ ਪਹੁੰਚਣ ਤੋਂ ਬਾਅਦ ਵੱਡਾ ਸਵਾਲ ਨਿਕਲ ਕੇ ਸਾਹਮਣੇ ਆ ਰਿਹਾ ਹੈ ਕਿ ਸੀ ਬੀ ਆਈ ਵਾਰ-ਵਾਰ ਉਸੇ ਮੈਡੀਕਲ ਹਾਲ ਦੀ ਜਾਂਚ ਕਿਉਂ ਕਰ ਰਹੀ ਹੈ?

## ਹਿਮਾਂਸ਼ੂ ਭਾਊ ਅਮਰੀਕਾ 'ਚ ਕਾਬੂ

**ਵਾਸ਼ਿੰਗਟਨ** : ਭਾਰਤ ਦੇ ਮੋਸਟ ਵਾਂਟੇਡ ਗੈਂਗਸਟਰ ਹਿਮਾਂਸ਼ੂ ਭਾਊ ਨੂੰ ਅਮਰੀਕਾ ਵਿੱਚ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਹਿਮਾਂਸ਼ੂ ਭਾਊ ਅਤੇ ਉਸ ਦੇ ਸਾਥੀਆਂ ਵਿਰੁੱਧ ਹਰਿਆਣਾ ਤੋਂ ਦਿੱਲੀ ਅਤੇ ਉਤਰ ਪ੍ਰਦੇਸ਼ ਤੱਕ ਕਤਲ, ਅਗਵਾ ਅਤੇ ਜਬਰੀ ਵਸੂਲੀ ਸਮੇਤ ਕਈ ਮਾਮਲੇ ਦਰਜ ਹਨ। ਉਸ 'ਤੇ ਯੂਟਿਊਬਰ ਅਤੇ 'ਬਿੱਗ ਬੌਸ' ਜੇਤੂ ਐਲਵਿਸ਼ ਯਾਦਵ ਦੇ ਘਰ ਦੇ ਬਾਹਰ ਗੋਲੀਬਾਰੀ ਕਰਨ ਦਾ ਦੋਸ਼ ਵੀ ਹੈ। ਉਸ ਨੂੰ ਨੀਰਜ ਬਵਾਨਾ ਗੈਂਗ ਦਾ ਕਰੀਬੀ ਅਤੇ ਲਾਰੈਂਸ ਬਿਸ਼ਨੋਈ ਗੈਂਗ ਦਾ ਕੱਟੜ ਵਿਰੋਧੀ ਦੱਸਿਆ ਜਾਂਦਾ ਹੈ। ਹਿਮਾਂਸ਼ੂ ਨੂੰ ਫੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ (ਐੱਫ ਬੀ ਆਈ) ਨੇ ਗ੍ਰਿਫ਼ਤਾਰ ਕੀਤਾ ਹੈ। ਮੂਲ ਰੂਪ ਵਿੱਚ ਰੋਹਤਕ ਦੇ ਰਿਟੋਲੀ ਪਿੰਡ ਦਾ ਵਸਨੀਕ ਹਿਮਾਂਸ਼ੂ ਹਰਿਆਣਾ ਅਤੇ ਦਿੱਲੀ ਪੁਲਸ ਦੀ ਮੋਸਟ ਵਾਂਟੇਡ ਸੂਚੀ ਵਿੱਚ ਸ਼ਾਮਿਲ ਹੈ।

# ਸਹਿਮਤੀ ਉਪਰੰਤ ਬੱਸਾਂ ਦੀ ਹੜਤਾਲ ਖਤਮ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**



ਪੰਜਾਬ ਰੋਡਵੇਜ਼, ਪਨਬੱਸ ਅਤੇ ਪੀ ਆਰ ਟੀ ਸੀ ਕੰਟਰੈਕਟ ਯੂਨੀਅਨ ਪੰਜਾਬ ਦੀ ਅਗਵਾਈ ਹੇਠ ਚੱਲ ਰਹੀ ਕੰਟਰੈਕਟ ਮੁਲਾਜ਼ਮਾਂ ਦੀ ਹੜਤਾਲ ਦੇ ਚੌਥੇ ਦਿਨ ਪੰਜਾਬ ਦੇ ਵਿੱਤ ਅਤੇ ਟਰਾਂਸਪੋਰਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਪਟਿਆਲਾ ਸਥਿਤ ਪੀ ਆਰ ਟੀ ਸੀ ਦੇ ਮੁੱਖ ਦਫ਼ਤਰ ਪਹੁੰਚ ਕੇ ਮੁਲਾਜ਼ਮ ਯੂਨੀਅਨਾਂ ਦੇ ਨੁਮਾਇੰਦਿਆਂ ਨਾਲ ਅਹਿਮ ਮੀਟਿੰਗ ਕੀਤੀ।ਮੀਟਿੰਗ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦਿਆਂ ਕੈਬਨਿਟ ਮੰਤਰੀ ਨੇ ਦੱਸਿਆ ਕਿ ਮੁਲਾਜ਼ਮਾਂ ਦੀਆਂ ਜਾਇਜ਼ ਮੰਗਾਂ 'ਤੇ ਸਹਿਮਤੀ ਬਣ ਗਈ ਹੈ, ਜਿਸ ਤੋਂ ਬਾਅਦ ਸਾਰੇ ਮੁਲਾਜ਼ਮ ਸੰਗਠਨਾਂ ਨੇ ਹੜਤਾਲ ਤੁਰੰਤ ਵਾਪਸ ਲੈ ਕੇ ਕੰਮ 'ਤੇ ਪਰਤਣ ਦਾ ਫ਼ੈਸਲਾ ਕੀਤਾ ਹੈ। ਚੀਮਾ ਨੇ ਕਿਹਾ ਕਿ ਮੁਲਾਜ਼ਮਾਂ ਨੂੰ ਆਊਟਸੋਰਸਿੰਗ ਅਤੇ ਠੇਕੇਦਾਰੀ ਪ੍ਰਥਾ ਤੋਂ ਮੁਕਤ ਕਰ ਕੇ ਵਿਭਾਗ ਦੇ ਸਿੱਧੇ ਇਕਰਾਰਨਾਮੇ (ਕੰਟਰੈਕਟ) ਅਧੀਨ ਲਿਆਉਣ ਦੀ ਪ੍ਰਕਿਰਿਆ ਚੱਲ ਰਹੀ ਹੈ। ਇਸ ਤਹਿਤ ਅਗਲੇ ਹਫ਼ਤੇ ਤੱਕ ਮੁਲਾਜ਼ਮਾਂ ਨੂੰ ਨਿਯੁਕਤੀ ਪੱਤਰ ਜਾਰੀ ਕਰ ਦਿੱਤੇ ਜਾਣਗੇ।ਉਨ੍ਹਾ ਦੱਸਿਆ ਕਿ ਵਿਭਾਗੀ ਨਿਯਮਾਂ ਅਤੇ ਹੋਰ ਮੰਗਾਂ ਸੰਬੰਧੀ ਵਿਚਾਰ-ਵਟਾਂਦਰਾ ਕਰਨ ਲਈ 29 ਅਕਤੂਬਰ ਨੂੰ ਅਗਲੀ ਮੀਟਿੰਗ ਸੱਦੀ ਗਈ ਹੈ। ਇਸ ਦੇ ਨਾਲ ਹੀ ਹੜਤਾਲ ਦੌਰਾਨ ਮੁਲਾਜ਼ਮਾਂ ਵਿਰੁੱਧ ਦਰਜ ਕੀਤੇ ਗਏ ਮਾਮਲਿਆਂ 'ਤੇ ਵਿਚਾਰ ਕਰ ਕੇ ਉਨ੍ਹਾਂ ਨੂੰ ਢੁਕਵੀਂ ਰਾਹਤ ਦੇਣ ਦਾ ਭਰੋਸਾ ਵੀ ਦਿੱਤਾ ਗਿਆ ਹੈ।ਉਨ੍ਹਾ ਕਿਹਾ ਕਿ ਹੜਤਾਲ ਖ਼ਤਮ ਹੋਣ ਨਾਲ ਪੂਰੇ ਪੰਜਾਬ ਵਿੱਚ ਬੱਸ ਸੇਵਾਵਾਂ ਮੁੜ ਆਮ ਵਾਂਗ • ਬਾਕੀ ਸਫਾ 2 'ਤੇ

### 100 ਨਵੀਂਆਂ ਬੱਸਾਂ ਛੇਤੀ ਸ਼ਾਮਲ ਹੋਣਗੀਆਂ

ਮੀਟਿੰਗ ਦੌਰਾਨ ਚੇਅਰਮੈਨ ਪੀ ਆਰ ਟੀ ਸੀ ਐਡਵੋਕੇਟ ਹਰਪਾਲ ਜੁਨੇਜਾ ਵੱਲੋਂ ਵਿੱਤ ਮੰਤਰੀ ਨੂੰ ਪੀ ਆਰ ਟੀ ਸੀ ਵੱਲੋਂ ਸਵਾਰੀਆਂ ਨੂੰ ਬਿਹਤਰ ਅਤੇ ਸੁਵਿਧਾਜਨਕ ਬੱਸ ਸੇਵਾਵਾਂ ਮੁਹੱਈਆ ਕਰਵਾਉਣ ਲਈ ਕੀਤੇ ਜਾ ਰਹੇ ਉਪਰਾਲਿਆਂ ਬਾਰੇ ਜਾਣੂ ਕਰਵਾਇਆ ਗਿਆ । ਉਨ੍ਹਾ ਦੱਸਿਆ ਕਿ ਪੀ ਆਰ ਟੀ ਸੀ ਦੇ ਬੇੜੇ ਵਿੱਚ ਜਲਦ ਹੀ 100 ਨਵੀਆਂ ਮਿੰਡੀ ਬੱਸਾਂ ਸ਼ਾਮਲ ਕੀਤੀਆਂ ਜਾ ਰਹੀਆਂ ਹਨ, ਜਿਸ ਨਾਲ ਸਵਾਰੀਆਂ ਨੂੰ ਬਿਹਤਰ ਆਵਾਜਾਈ • ਬਾਕੀ ਸਫਾ 2 'ਤੇ

# ਜਹਾਜ਼ਾਂ ਦੀ ਟੱਕਰ 'ਚ 4 ਪਾਇਲਟਾਂ ਦੀ ਮੌਤ



**ਮਨੀਲਾ** : ਫਿਲਪੀਨਜ਼ ਵਿੱਚ ਸਿਖਲਾਈ ਦੌਰਾਨ ਹਵਾਈ ਫੌਜ ਦੇ ਦੋ ਜਹਾਜ਼ ਆਪਸ ਵਿੱਚ ਟਕਰਾ ਗਏ। ਇਸ ਹਾਦਸੇ ਵਿੱਚ ਦੋਵਾਂ ਜਹਾਜ਼ਾਂ ਦੇ ਚਾਰ ਪਾਇਲਟਾਂ ਦੀ ਮੌਤ ਹੋ ਗਈ। ਦੋਵੇਂ ਜਹਾਜ਼ ਮਨੀਲਾ ਦੇ ਦੱਖਣ ਵਿੱਚ ਸਥਿਤ ਲੀਪਾ ਸ਼ਹਿਰ ਦੇ ਫਰਨਾਂਡੋ ਹਵਾਈ ਅੱਡੇ 'ਤੇ ਡਿੱਗ ਪਏ। ਹਾਦਸੇ ਤੋਂ ਬਾਅਦ ਫਿਲਪੀਨਜ਼ ਦੀ ਹਵਾਈ ਸੈਨਾ ਨੇ ਐੱਸ ਐੱਫ-260 ਜਹਾਜ਼ਾਂ ਦੀਆਂ ਉਡਾਨਾਂ 'ਤੇ ਰੋਕ ਲਾ ਦਿੱਤੀ ਹੈ। ਇਹ ਪਾਬੰਦੀ ਜਾਂਚ ਪੂਰੀ ਹੋਣ ਤੱਕ ਜਾਰੀ ਰਹੇਗੀ। ਇੱਕ ਜਹਾਜ਼ ਫ਼ੌਜੀ ਬੈਰਕਾਂ ਨੇੜੇ ਡਿੱਗਿਆ। ਮੀਡੀਆ ਰਿਪੋਰਟ ਮੁਤਾਬਕ ਦੋਵੇਂ ਐੱਸ ਐੱਫ-260 ਜਹਾਜ਼ ਘੱਟ ਉਚਾਈ 'ਤੇ ਉਡ ਰਹੇ ਸਨ। ਇਸੇ ਦੌਰਾਨ ਉਹ ਆਪਸ ਵਿੱਚ ਟਕਰਾ ਗਏ। ਇਹ ਜਹਾਜ਼ ਇਟਲੀ ਤੋਂ ਖਰੀਦੇ ਗਏ ਸਨ।

# ਸ਼ਾਂਤੀ ਦਾ ਮਤਲਬ ਚੁੱਪ ਰਹਿਣਾ ਨਹੀਂ : ਬੋਰਾ

**ਨਵੀਂ ਦਿੱਲੀ (ਨਵਾਂ ਜ਼ਮਾਨਾ ਸਰਵਿਸ)**



ਜਵਾਹਰ ਲਾਲ ਨਹਿਰੂ ਯੂਨੀਵਰਸਿਟੀ (ਜੇ ਐੱਨ ਯੂ) ਦੀ ਵਿਦਿਆਰਥਣ ਨੇਹਾ ਬੋਰਾ ਨੇ ਇੱਕ ਸਾਲ ਤੱਕ ਸ਼ਾਂਤੀ ਬਣਾਏ ਰੱਖਣ ਲਈ ਪੀਸ ਬੌਂਡ ਭਰਨ ਤੋਂ ਇਨਕਾਰ ਕਰ ਦਿੱਤਾ ਹੈ। ਸਨਿੱਚਰਵਾਰ ਸਪੈਸ਼ਲ ਐਗਜ਼ੀਕਿਊਟਿਵ ਮੈਜਿਸਟਰੇਟ (ਐੱਸ ਈ ਐੱਮ) ਦੀ ਅਦਾਲਤ ਵਿੱਚ ਪੇਸ਼ੀ ਤੋਂ ਪਹਿਲਾਂ ਪ੍ਰੈੱਸ ਕਾਨਫਰੰਸ ਕਰਕੇ ਉਨ੍ਹਾ ਕਿਹਾ ਕਿ ਉਹ ਇਸ ਬੌਂਡ 'ਤੇ ਦਸਤਖ਼ਤ ਨਹੀਂ ਕਰੇਗੀ ਅਤੇ ਇਸ ਨੂੰ ਅਦਾਲਤ ਵਿੱਚ ਚੁਣੌਤੀ ਦਿੰਦੀ ਰਹੇਗੀ। ਨੇਹਾ ਬੋਰਾ ਨੇ ਕਿਹਾ ਕਿ ਲੋਕਤੰਤਰ ਵਿੱਚ ਇਸ ਤਰ੍ਹਾਂ ਦਾ ਬੌਂਡ ਲੋਕਾਂ ਨੂੰ ਵਿਰੋਧ ਪ੍ਰਦਰਸ਼ਨ ਕਰਨ ਤੋਂ ਰੋਕ ਸਕਦਾ ਹੈ। ਉਨ੍ਹਾ ਕਿਹਾ, 'ਸਾਨੂੰ ਸ਼ਾਂਤੀ ਬਣਾਏ ਰੱਖਣ ਲਈ ਬੌਂਡ 'ਤੇ ਦਸਤਖ਼ਤ ਕਰਨ ਨਾਲ ਕੋਈ ਸਮੱਸਿਆ ਨਹੀਂ, ਪਰ ਸ਼ਾਂਤੀ ਦਾ ਮਤਲਬ ਸਰਕਾਰ ਦੇ ਪੱਖ ਵਿੱਚ ਚੁੱਪ ਰਹਿਣਾ ਨਹੀਂ ਹੋ ਸਕਦਾ। ਅਸਹਿਮਤੀ ਜਤਾਉਣ ਦਾ ਅਧਿਕਾਰ ਜਾਰੀ ਰਹੇਗਾ।' ਉਨ੍ਹਾ ਸਵਾਲ ਉਠਾਇਆ ਕਿ ਜਦੋਂ ਤੱਕ ਇਹ ਨਹੀਂ ਦੱਸਿਆ ਜਾਂਦਾ ਕਿ ਉਨ੍ਹਾਂ ਸ਼ਾਂਤੀ ਭੰਗ ਕਿਵੇਂ ਕੀਤੀ ਹੈ, ਤਦ ਤੱਕ ਉਹ ਆਪਣਾ ਪੱਖ ਰੱਖਣ ਲਈ ਸਬੂਤ ਕਿਵੇਂ ਪੇਸ਼ ਕਰੇਗੀ। ਬੋਰਾ ਦੇ ਅਨੁਸਾਰ ਨੋਟਿਸ ਵਿੱਚ ਇਹ ਸਪੱਸ਼ਟ ਨਹੀਂ ਕੀਤਾ ਗਿਆ ਕਿ ਉਨ੍ਹਾਂ ਤੋਂ ਬੌਂਡ ਭਰਨ ਦੀ ਮੰਗ ਕਿਨ੍ਹਾਂ ਆਧਾਰਾਂ 'ਤੇ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਸਪੈਸ਼ਲ ਐਗਜ਼ੀਕਿਊਟਿਵ ਮੈਜਿਸਟਰੇਟ ਕਿਸੇ ਵਿਅਕਤੀ ਨੂੰ ਬੌਂਡ 'ਤੇ ਦਸਤਖ਼ਤ ਕਰਨ ਲਈ ਮਜਬੂਰ ਨਹੀਂ ਕਰ ਸਕਦੇ। ਇਸ ਲਈ ਲੋੜੀਂਦੀ ਸਮੱਗਰੀ ਅਤੇ ਸਪੱਸ਼ਟ ਆਧਾਰ ਹੋਣਾ ਚਾਹੀਦਾ ਹੈ। ਉਨ੍ਹਾ ਕਿਹਾ ਕਿ ਉਹ ਐੱਸ ਈ ਐੱਮ ਦੇ ਸਾਹਮਣੇ ਹੋਣ ਵਾਲੀ ਸੁਣਵਾਈ ਵਿੱਚ ਸ਼ਾਮਲ ਹੋਵੇਗੀ। ਇਸ ਤੋਂ ਇੱਕ ਦਿਨ ਪਹਿਲਾਂ ਦਿੱਲੀ ਹਾਈ ਕੋਰਟ ਨੇ ਨੇਹਾ ਬੋਰਾ ਦੀ ਉਸ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਸੀ, ਜਿਸ ਵਿੱਚ ਉਨ੍ਹਾ ਨੇ 10,000 ਰੁਪਏ ਦੇ ਨਿੱਜੀ ਬੌਂਡ ਅਤੇ ਇੱਕ ਜ਼ਮਾਨਤੀ ਦੀ ਸ਼ਰਤ ਵਾਲੇ ਨੋਟਿਸ ਨੂੰ ਚੁਣੌਤੀ ਦਿੱਤੀ ਸੀ। ਇਹ ਬੌਂਡ ਜਾਂਚ ਦੌਰਾਨ ਸ਼ਾਂਤੀ ਬਣਾਏ ਰੱਖਣ ਲਈ ਮੰਗਿਆ ਗਿਆ ਸੀ।

# ਭਾਜਪਾ ਹਮੇਸ਼ਾ ਕਿਸਾਨ ਵਿਰੋਧੀ ਰਹੀ : ਚੀਮਾ

## ਪੰਜਾਬ ਨੂੰ ਨਸ਼ੇੜੀਆਂ ਦਾ ਸੂਬਾ ਦੱਸਣਾ ਬੰਦ ਕਰੋ : ਬਲਤੇਜ ਪੰਨੂ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਆਮ ਆਦਮੀ ਪਾਰਟੀ ਨੇ ਭਾਰਤੀ ਜਨਤਾ ਪਾਰਟੀ ਅਤੇ ਉਸ ਦੇ ਆਗੂ ਮਨਜਿੰਦਰ ਸਿੰਘ ਸਿਰਸਾ 'ਤੇ ਤਿੱਖਾ ਹਮਲਾ ਬੋਲਦਿਆਂ ਕਿਹਾ ਕਿ ਭਾਜਪਾ ਹਮੇਸ਼ਾ ਤੋਂ ਕਿਸਾਨ ਵਿਰੋਧੀ ਪਾਰਟੀ ਰਹੀ ਹੈ ਅਤੇ ਹੁਣ ਝੂਠੀ ਬਿਆਨਬਾਜ਼ੀ ਕਰਕੇ ਪੰਜਾਬ ਅਤੇ ਇੱਥੋਂ ਦੇ ਕਿਸਾਨਾਂ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਰਚ ਰਹੀ ਹੈ।ਪਾਰਟੀ ਨੇ ਸਪੱਸ਼ਟ ਕੀਤਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਕਿਸਾਨਾਂ ਦੇ ਨਾਲ ਚੱਟਾਨ ਵਾਂਗ ਖੜ੍ਹੀ ਹੈ ਅਤੇ ਪਰਾਲੀ ਪ੍ਰਬੰਧਨ ਲਈ ਠੋਸ ਕਦਮ ਚੁੱਕੇ ਗਏ ਹਨ, ਜਦ ਕਿ ਭਾਜਪਾ ਨੇਤਾ ਕਿਸਾਨਾਂ 'ਤੇ ਪਰਚੇ ਦਰਜ ਕਰਵਾਉਣ ਦੀਆਂ ਗੱਲਾਂ ਕਰਕੇ ਆਪਣੀ ਕਿਸਾਨ-ਵਿਰੋਧੀ ਸੋਚ ਦਾ ਸਬੂਤ ਦੇ ਰਹੇ ਹਨ।

ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਭਾਜਪਾ ਆਗੂ ਮਨਜਿੰਦਰ ਸਿੰਘ ਸਿਰਸਾ ਅਤੇ ਭਾਜਪਾ 'ਤੇ ਵਰ੍ਹਦਿਆਂ ਕਿਹਾ ਕਿ ਪੰਜਾਬ ਦਾ ਕਿਸਾਨ ਕੋਈ ਅੱਗ ਨਹੀਂ ਲਗਾ ਰਿਹਾ।ਆਮ ਆਦਮੀ ਪਾਰਟੀ ਦੀ ਸਰਕਾਰ ਪਿਛਲੇ 5 ਸਾਲਾਂ ਤੋਂ ਲਗਾਤਾਰ ਮਸ਼ੀਨਰੀ ਖਰੀਦ ਕੇ ਪੰਜਾਬ ਦੇ ਕਿਸਾਨਾਂ ਨੂੰ ਦੇ ਰਹੀ ਹੈ, ਜਿਸ ਕਰਕੇ ਸੂਬੇ ਵਿੱਚ ਪਰਾਲੀ ਸਾੜਨ ਦੀਆਂ ਘਟਨਾਵਾਂ ਹੁਣ ਨਾ-ਮਾਤਰ ਰਹਿ ਗਈਆਂ ਹਨ। ਸਰਕਾਰ ਨੇ ਕਿਸਾਨਾਂ ਨੂੰ ਜਾਗਰੂਕ ਕੀਤਾ ਹੈ ਅਤੇ ਜੇਕਰ ਕਿਤੇ ਇੱਕਾ-ਦੁੱਕਾ ਘਟਨਾ ਹੁੰਦੀ ਵੀ ਹੈ, ਤਾਂ ਉਸ ਨੂੰ ਮੁਕੰਮਲ ਤੌਰ 'ਤੇ ਪਰਾਲੀ ਸਾੜਨਾ ਨਹੀਂ ਕਿਹਾ ਜਾ ਸਕਦਾ। ਚੀਮਾ ਨੇ ਸਿਰਸਾ ਨੂੰ ਸਲਾਹ ਦਿੱਤੀ ਕਿ ਉਹ ਪੰਜਾਬ 'ਤੇ ਝੂਠੇ ਦੋਸ਼ ਲਗਾਉਣ ਦੀ ਬਜਾਏ ਦਿੱਲੀ ਨਾਲ ਲੱਗਦੇ ਭਾਜਪਾ ਸ਼ਾਸਿਤ ਸੂਬਿਆਂ, ਜਿਵੇਂ ਹਰਿਆਣਾ ਅਤੇ ਯੂ ਪੀ ਦੀ ਗੱਲ ਕਰਨ।

'ਆਪ' ਪੰਜਾਬ ਦੇ ਮੀਡੀਆ ਇੰਚਾਰਜ ਬਲਤੇਜ ਪੰਨੂ ਨੇ ਭਾਜਪਾ ਨੇਤਾਵਾਂ ਦੇ ਬਿਆਨਾਂ ਨੂੰ ਸਸਤੀ ਸਿਆਸਤ ਦੱਸਦਿਆਂ ਕਿਹਾ ਕਿ ਜਦੋਂ ਵ ੀ • ਬਾਕੀ ਸਫਾ 2 'ਤੇ

## ਦੀਵਾਲੀ ਵਿਸ਼ੇਸ਼ ਸਪਲੀਮੈਂਟ



ਰਮਨ ਚੱਢਾ
ਚੋਹਲਾ ਸਾਹਿਬ
98722-26721



ਸੁਖਵਿੰਦਰ ਸਫਰੀ
ਟੂਟੋਮਜਾਰਾ
99158-16713



ਰਮੇਸ਼ ਕਟਾਰੀਆ
ਰਾਜਪੁਰਾ
99880-13675



ਐਡਵੋਕੇਟ ਸਤੀਸ਼ ਕੁਮਾਰ ਭੀਰੀ (ਜੈਤੋ)
94176-12036



ਹਰਬਿੰਦਰ ਸਿੰਘ ਰਾਣਾ
ਵੇਰਕਾ (ਅੰਮ੍ਰਿਤਸਰ)
98881-45991



ਗੁਰਪ੍ਰੀਤ ਭੋਗਲ
ਭੋਗਪੁਰ
94636-82748



ਨਛੱਤਰ ਸੰਧੂ
ਹਠੂਰ
98151-18229

ਦੀਵਾਲੀ ਦੇ ਸ਼ੁੱਭ ਦਿਹਾੜੇ ਨੂੰ ਸਮਰਪਿਤ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕੀਤੇ ਜਾ ਰਹੇ ਹਨ। ਇਸ ਸੰਬੰਧੀ ਇਸ਼ਤਿਹਾਰ ਤੇ ਹੋਰ ਛਪਣਯੋਗ ਸਮੱਗਰੀ ਦੇਣ ਲਈ ਸਾਡੇ ਇਨ੍ਹਾਂ ਪੱਤਰਕਾਰਾਂ ਨਾਲ ਸੰਪਰਕ ਕੀਤਾ ਜਾਵੇ। -ਜਨਰਲ ਮੈਨੇਜਰ

# ਵੋਟਰ ਸੂਚੀਆਂ ਦੀ ਨਿਰਪੱਖ ਜਾਂਚ ਯਕੀਨੀ ਬਣਾਈ ਜਾਵੇ : ਕਾਂਗਰਸ



**ਨਵੀਂ ਦਿੱਲੀ** : ਵਿਰੋਧੀ ਪਾਰਟੀ ਕਾਂਗਰਸ ਨੇ ਮੁੱਖ ਚੋਣ ਕਮਿਸ਼ਨਰ ਦੇ ਤੁਰੰਤ ਅਸਤੀਫ਼ੇ ਦੀ ਮੰਗ ਕਰਦਿਆਂ ਦੋਸ਼ ਲਗਾਇਆ ਹੈ ਕਿ ਭਾਜਪਾ ਨੇ ਚੋਣ ਕਮਿਸ਼ਨ ਨਾਲ ਮਿਲੀਭੁਗਤ ਕਰਕੇ ਪਿਛਲੀਆਂ ਚੋਣਾਂ 'ਚੋਰੀ' ਕੀਤੀਆਂ ਹਨ, ਜਿਨ੍ਹਾਂ ਵਿੱਚ 2024 ਦੀਆਂ ਲੋਕ ਸਭਾ ਚੋਣਾਂ ਅਤੇ ਕਈ ਵਿਧਾਨ ਸਭਾ ਚੋਣਾਂ ਸ਼ਾਮਲ ਹਨ। ਕਾਂਗਰਸ ਦੇ ਸੰਚਾਰ ਇੰਚਾਰਜ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਦਿੱਲੀ ਵਿੱਚ ਪਾਰਟੀ ਹੈੱਡਕੁਆਰਟਰ ਵਿਖੇ ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਉਤਰ ਪ੍ਰਦੇਸ਼ ਵਿਧਾਨ ਪ੍ਰੀਸ਼ਦ ਚੋਣਾਂ ਲਈ ਵੋਟਰ ਸੂਚੀ ਵਿੱਚ ਗਲਤੀਆਂ ਸਾਹਮਣੇ ਆਉਣ ਤੋਂ ਬਾਅਦ ਦੇਸ਼ ਦੀਆਂ ਵੋਟਰ ਸੂਚੀਆਂ ਦੀ ਨਿਰਪੱਖ ਜਾਂਚ ਅਤੇ ਐੱਸ ਆਈ ਆਰ ਪ੍ਰਕਿਰਿਆ ਨੂੰ ਰੋਕਣ ਦੀ ਮੰਗ ਕੀਤੀ। ਇਹ ਵੀ ਕਿਹਾ ਕਿ ਚੋਣ ਕਮਿਸ਼ਨ ਸਾਫਟਵੇਅਰ ਨੂੰ 'ਭਾਜਪਾ ਦੀ ਮਦਦ ਕਰਨ ਲਈ ਰਚੀ ਗਈ ਇੱਕ ਪਹਿਲਾਂ ਤੋਂ ਸੋਚੀ-ਸਮਝੀ ਸਾਜ਼ਿਸ਼' ਲਈ ਦੋਸ਼ੀ ਨਹੀਂ ਠਹਿਰਾ ਸਕਦਾ ਅਤੇ ਇਹ ਅਸਵੀਕਾਰਨਯੋਗ ਹੈ, ਕਿਉਂਕਿ ਵੋਟਰ ਸੂਚੀਆਂ ਦੀ ਸ਼ੁਧਤਾ ਨੂੰ ਸਾਫਟਵੇਅਰ ਦੇ ਰਹਿਮ 'ਤੇ ਛੱਡਿਆ ਜਾ ਰਿਹਾ ਹੈ। ਵਿਰੋਧੀ ਪਾਰਟੀ ਨੇ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਦੇ ਤੁਰੰਤ ਅਸਤੀਫ਼ੇ ਦੀ ਮੰਗ ਕੀਤੀ ਤੇ ਦੋਸ਼ ਲਗਾਇਆ ਕਿ ਭਾਜਪਾ ਨੇ ਚੋਣ ਕਮਿਸ਼ਨ ਨਾਲ ਮਿਲੀਭੁਗਤ ਕਰਕੇ 2024 ਦੀਆਂ ਆਮ ਚੋਣਾਂ ਅਤੇ ਕਈ ਵਿਧਾਨ ਸਭਾ ਚੋਣਾਂ ਸਮੇਤ ਪਿਛਲੀਆਂ ਚੋਣਾਂ 'ਚੋਰੀ' ਕੀਤੀਆਂ ਹਨ। ਸਾਡੀ ਸਪੱਸ਼ਟ ਮੰਗ ਹੈ ਕਿ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਤੁਰੰਤ ਅਸਤੀਫ਼ਾ ਦੇਣ ਅਤੇ ਭਾਜਪਾ ਨੂੰ ਲਾਭ ਪਹੁੰਚਾਉਣ ਦੇ ਇਰਾਦੇ ਨਾਲ ਚਲਾਈ ਜਾ ਰਹੀ ਇਸ ਜਾਲ੍ਹੀ ਐੱਸ ਆਈ ਆਰ ਪ੍ਰਕਿਰਿਆ 'ਤੇ ਤੁਰੰਤ ਰੋਕ ਲਗਾਈ ਜਾਵੇ। ਜੈਰਾਮ ਰਮੇਸ਼ ਨੇ ਕਿਹਾ ਕਿ ਵੋਟਰ ਸੂਚੀ ਦੀ ਨਿਰਪੱਖ ਜਾਂਚ ਹੋਣੀ ਚਾਹੀਦੀ ਹੈ, ਪੂਰੀ ਮਸ਼ੀਨ-ਪੜ੍ਹਨਯੋਗ ਡੇਟਾ ਜਨਤਕ ਕੀਤਾ ਜਾਣਾ ਚਾਹੀਦਾ ਹੈ ਅਤੇ ਹਰੇਕ ਯੋਗ ਨਾਗਰਿਕ ਦੇ ਵੋਟਿੰਗ ਅਧਿਕਾਰਾਂ ਦੀ ਸੁਰੱਖਿਆ ਯਕੀਨੀ ਬਣਾਈ ਜਾਣੀ ਚਾਹੀਦੀ ਹੈ।

# ਦੂਤ ਨੂੰ ਨਾ ਮਾਰੋ, ਸੋਨਮ ਨੇ ਕੇਂਦਰ 'ਤੇ ਸਾਧਿਆ ਨਿਸ਼ਾਨਾ



**ਨਵੀਂ ਦਿੱਲੀ** : 'ਜਦੋਂ ਵੀ ਮੈਂ ਲੱਦਾਖ ਵਿੱਚ ਬੇਇਨਸਾਫ਼ੀਆਂ ਬਾਰੇ ਆਪਣੀ ਆਵਾਜ਼ ਉਠਾਉਂਦਾ ਹਾਂ ਤਾਂ ਸਰਕਾਰੀ ਮੀਡੀਆ ਮਸ਼ੀਨਰੀ ਮੈਨੂੰ ਅਤੇ ਸਾਡੀ ਸੰਸਥਾ ਹਿਮਾਲੀਅਨ ਇੰਸਟੀਚਿਊਟ ਆਫ਼ ਅਲਟਰਨੇਟਿਵ ਲਰਨਿੰਗ (ਐੱਚ ਆਈ ਏ ਐੱਲ) ਦੇ ਜ਼ਮੀਨੀ ਪਟੇ ਨੂੰ ਨਿਸ਼ਾਨਾ ਬਣਾਉਣ ਲਈ ਸਰਗਰਮ ਹੋ ਜਾਂਦੀ ਹੈ। ਕਿਰਪਾ ਕਰਕੇ ਸੁਨੇਹਾ ਲਓ, ਦੂਤ ਨੂੰ ਨਾ ਮਾਰੋ।' ਸੋਨਮ ਵਾਂਗਚੁਕ ਨੇ ਐੱਕਸ 'ਤੇ ਇਹ ਗੱਲ ਕਹੀ। ਉਸ ਨੇ ਕਿਹਾ- ਕੁੱਲ ਮਿਲਾ ਕੇ 5 ਲਿਖਤੀ ਅਪੀਲਾਂ, 15 ਮੁਲਾਕਾਤਾਂ ਅਤੇ 30 ਕਾਲਾਂ ਜ਼ਮੀਨ ਦੇ ਪਟੇ ਨੂੰ ਸਮੇਂ ਸਿਰ ਲਾਗੂ ਕਰਨ ਦੀ ਅਪੀਲ ਕਰਦੀਆਂ ਸਨ। ਵਾਂਗਚੁਕ ਦੀਆਂ ਟਿੱਪਣੀਆਂ ਉਦੋਂ ਆਈਆਂ, ਜਦੋਂ ਲੱਦਾਖ ਪ੍ਰਸ਼ਾਸਨ ਨੇ ਕਾਰਕੁਨ ਦੇ 'ਕਾਨੂੰਨ ਦੀ ਅਣਦੇਖੀ' ਦਾ ਹਵਾਲਾ ਦਿੰਦੇ ਹੋਏ ਸੰਸਥਾ ਨੂੰ ਜ਼ਮੀਨ ਦੀ ਅਲਾਟਮੈਂਟ ਰੱਦ ਕਰਨ ਦੇ ਆਪਣੇ ਫੈਸਲੇ ਦਾ ਬਚਾਅ ਕੀਤਾ।

ਇਸ ਵਿੱਚ ਕਿਹਾ ਗਿਆ ਹੈ ਕਿ ਅਲਾਟਮੈਂਟ ਆਪਣੇ ਆਪ ਹੀ ਬਕਾਇਆ ਅਦਾਇਗੀ ਅਤੇ ਇੱਕ ਅਣ-ਨਿਰਧਾਰਤ ਲੀਜ਼ ਡੀਡ ਕਾਰਨ ਖਤਮ ਹੋ ਗਈ ਹੈ।

ਜੰਮੂ ਅਤੇ ਕਸ਼ਮੀਰ ਅਤੇ ਲੱਦਾਖ ਹਾਈ ਕੋਰਟ ਦੇ ਸਾਹਮਣੇ ਦਾਇਰ ਕੀਤੇ ਗਏ ਇੱਕ ਹਲਫ਼ਨਾਮੇ ਵਿੱਚ ਲੱਦਾਖ ਪ੍ਰਸ਼ਾਸਨ ਨੇ ਕਿਹਾ ਕਿ ਫਯਾਂਗ ਥਾਂਗ ਵਿਖੇ 1,076 ਕਨਾਲ ਅਤੇ 1 ਮਰਲਾ ਜ਼ਮੀਨ ਨੂੰ ਕਵਰ ਕਰਨ ਵਾਲੀ 40 ਸਾਲਾਂ ਦੀ ਲੀਜ਼ ਅਲਾਟਮੈਂਟ 5 ਮਈ ਨੂੰ 'ਕਾਨੂੰਨ ਦੇ ਸੰਚਾਲਨ ਦੁਆਰਾ ਖਤਮ' ਹੋ ਗਈ ਸੀ, ਐੱਚ ਆਈ ਏ ਐੱਲ ਵੱਲੋਂ ਨਿਰਧਾਰਤ ਇੱਕ ਸਾਲ ਦੀ ਮਿਆਦ ਦੇ ਅੰਦਰ ਲੀਜ਼ ਡੀਡ ਨੂੰ ਲਾਗੂ ਕਰਨ ਜਾਂ ਲਾਜ਼ਮੀ ਜ਼ਮੀਨ ਪ੍ਰੀਮੀਅਮ ਜਮ੍ਹਾਂ ਕਰਨ ਵਿੱਚ ਅਸਫਲ ਰਹਿਣ ਕਾਰਨ।

ਵਾਂਗਚੁਕ ਦੀ ਪਤਨੀ ਗੀਤਾਂਜਲੀ ਅੰਗਮੋ ਨੇ ਸ਼ਨੀਵਾਰ ਐੱਕਸ 'ਤੇ ਇੱਕ ਪੋਸਟ ਵਿੱਚ ਲੱਦਾਖ ਪ੍ਰਸ਼ਾਸਨ ਦੀ ਆਲੋਚਨਾ ਕੀਤੀ ਤੇ ਇਸ ਨੂੰ 'ਨੌਕਰਸ਼ਾਹੀ ਬੇਈਮਾਨੀ ਅਤੇ ਅਯੋਗਤਾ ਦਾ ਤਮਾਸ਼ਾ' ਦੱਸਿਆ।

## ਅੱਜ-ਨਾਮਾ

ਜਦ ਵੀ ਰੁੱਤ ਤਿਉਹਾਰਾਂ ਦੀ ਆਏ ਬੇਲੀ,
ਲੋਕਾਂ ਦੇ ਜਾਣ ਨਹੀਂ ਚਾਅ ਲੁਕਾਏ ਬੇਲੀ।
ਸੱਜਣ ਲੱਗਦੇ ਬਾਜ਼ਾਰ ਤਿਉਹਾਰ ਖਾਤਰ,
ਭੀੜ ਵੀ ਤਕੜੀ ਬਾਜ਼ਾਰ ਨੂੰ ਆਏ ਬੇਲੀ।
ਚਮਕਦਾ ਮਾਲ ਸੋਹਣਾ ਸਾਰਾ ਰੱਖ ਮੋਹਰੇ,
ਹੁੰਦੇ ਸਭ ਕਮਾਈ ਦੇ ਮਾਲ ਛੁਪਾਏ ਬੇਲੀ।
ਚੁਣਿਆ ਜਾਂਦਾ ਈ ਮਾਲ ਕੋਈ ਹੋਰ ਹੁੰਦਾ,
ਜਾਂਦੇ ਈ ਥੈਲੇ ਕੋਈ ਹੋਰ ਪਕੜਾਏ ਬੇਲੀ।
ਏਹੀਓ ਭੁਗਤਦੇ ਲੰਘ ਗਈ ਉਮਰ ਭਾਵੇਂ,
ਠੱਗੀਆਂ ਵਾਲੇ ਫਿਰ ਲੈਂਦੇ ਆ ਠੱਗ ਬੇਲੀ।
ਪਿਉ ਤੇ ਦਾਦੇ ਦੀ ਸਹੁੰ ਫਿਰ ਖਾਈ ਜਾਂਦੇ,
ਜਿਨ੍ਹਾਂ ਠੱਗਾਂ ਇਹ ਠੱਗ ਲਿਆ ਜੱਗ ਬੇਲੀ।

-ਤੀਸ ਮਾਰ ਖਾਂ

# ਗਰਮ ਤੇ ਖੁਸ਼ਕ ਹੋਇਆ ਪੰਜਾਬ ਸਮੇਤ ਉੱਤਰ-ਪੱਛਮੀ ਭਾਰਤ



**ਨਵੀਂ ਦਿੱਲੀ** : ਭਾਰਤੀ ਮੌਸਮ ਵਿਗਿਆਨ ਵਿਭਾਗ ਅਤੇ ਇੰਡੀਅਨ ਇੰਸਟੀਚਿਊਟ ਆਫ਼ ਟਰੋਪੀਕਲ ਮੀਟੀਓਰੋਲੋਜੀ (ਆਈ ਆਈ ਟੀ ਐੱਮ) ਪੁਣੇ ਦੇ ਇੱਕ ਅਧਿਐਨ ਵਿੱਚ ਪਾਇਆ ਗਿਆ ਹੈ ਕਿ ਉੱਤਰ-ਪੱਛਮੀ ਭਾਰਤ ਪਿਛਲੇ ਸੱਤ ਦਹਾਕਿਆਂ ਵਿੱਚ ਵਧੇਰੇ ਗਰਮ ਅਤੇ ਖੁਸ਼ਕ ਹੋ ਗਿਆ ਹੈ, ਜਿਸ ਵਿੱਚ ਖੁਸ਼ਕ ਖੇਤਰ ਪੱਛਮੀ ਤੋਂ ਪੂਰਬੀ ਉਤਰ ਪ੍ਰਦੇਸ਼ ਤੱਕ ਫੈਲ ਗਿਆ ਹੈ, ਜਦੋਂ ਕਿ ਦੱਖਣੀ ਭਾਰਤ ਦਾ ਬਹੁਤਾ ਹਿੱਸਾ ਵਧੇਰੇ ਨਮੀ ਵਾਲਾ ਹੋ ਗਿਆ ਹੈ। ਖੋਜਕਰਤਾਵਾਂ ਨੇ ਚਿਤਾਵਨੀ ਦਿੱਤੀ ਹੈ ਕਿ ਇਹ ਬਦਲਾਅ ਉਤਰੀ ਮੈਦਾਨੀ ਇਲਾਕਿਆਂ ਵਿੱਚ ਝੋਨੇ ਦੀ ਖੇਤੀ ਅਤੇ ਬੀਜਣ ਤੇ ਵਾਢੀ ਦੇ ਸਮਾਂ-ਸਾਰਣੀ ਨੂੰ ਪ੍ਰਭਾਵਤ ਕਰ ਸਕਦਾ ਹੈ, ਜਿਸ ਲਈ ਬਾਰੀਕੀ ਨਾਲ ਨਿਗਰਾਨੀ ਦੀ ਲੋੜ ਹੈ। ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਰਾਜਸਥਾਨ, ਉਤਰਾਖੰਡ, ਉਤਰ ਪ੍ਰਦੇਸ਼ ਅਤੇ ਦਿੱਲੀ ਨੂੰ ਕਵਰ ਕਰਨ ਵਾਲੇ ਉਤਰ-ਪੱਛਮੀ ਭਾਰਤ ਵਿੱਚ ਗਰਮ ਅਰਧ-ਖੁਸ਼ਕ ਖੇਤਰ 1951-1980 ਵਿੱਚ ਖੇਤਰ ਦੇ ਲਗਭਗ ਇੱਕ ਚੌਥਾਈ ਤੋਂ ਵਧ ਕੇ 1991-2020 ਵਿੱਚ ਇੱਕ ਤਿਹਾਈ ਹੋ ਗਿਆ। ਤਾਪਮਾਨ ਵਧਣ ਅਤੇ ਮੀਂਹ ਘਟਣ ਨਾਲ ਖੇਤਰ ਦੇ ਲਗਭਗ 7 ਫੀਸਦੀ ਦੇ ਬਰਾਬਰ ਦਾ ਹਿੱਸਾ ਵਧੇਰੇ ਖੁਸ਼ਕ ਖੇਤਰ ਵਿੱਚ ਤਬਦੀਲ ਹੋ ਗਿਆ। ਉਤਰੀ ਮੈਦਾਨਾਂ ਦੇ ਸੁੱਕਣ ਦੀ ਜਾਂਚ ਕਰਨ ਲਈ ਖੋਜਕਰਤਾਵਾਂ ਨੇ 1981 ਅਤੇ 2020 ਦੇ ਵਿਚਕਾਰ ਉਤਰ ਪ੍ਰਦੇਸ਼, ਬਿਹਾਰ ਅਤੇ ਗੰਗਾ ਦੇ ਪੱਛਮੀ ਬੰਗਾਲ ਵਿੱਚ ਬਾਰਸ਼ ਦੀ ਤੁਲਨਾ ਸਮੁੰਦਰ ਦੇ ਤਾਪਮਾਨ ਨਾਲ ਕੀਤੀ। ਉਨ੍ਹਾਂ ਪਾਇਆ ਕਿ ਘੱਟ ਮੀਂਹ ਵਾਲੇ ਸਾਲ ਵਿਕਟੋਰੀਆ ਮੋਡ ਨਾਲ ਮੇਲ ਖਾਂਦੇ ਸਨ, ਜੋ ਕਿ ਉਤਰੀ ਪ੍ਰਸ਼ਾਂਤ ਮਹਾਸਾਗਰ ਵਿੱਚ ਗਰਮ ਅਤੇ ਠੰਢੇ ਪਾਣੀ ਦਾ ਇੱਕ ਆਵਰਤੀ ਪੈਟਰਨ ਹੈ, ਜੋ ਇੱਕ ਪੜਾਅ ਵਿੱਚ ਉਤਰੀ ਭਾਰਤ ਤੋਂ ਨਮੀ ਨੂੰ ਦੂਰ ਕਰ ਦਿੰਦਾ ਹੈ।

ਆਈ ਐੱਮ ਡੀ ਪੁਣੇ ਦੀ ਵਿਗਿਆਨੀ ਅਤੇ ਅਧਿਐਨ ਦੀ ਮੁੱਖ ਲੇਖਕ ਅਨੰਨਿਆ ਕਰਮਾਕਰ ਨੇ ਕਿਹਾ ਕਿ ਜਦੋਂ ਅਸੀਂ 1951 ਤੋਂ 2020 ਤੱਕ ਦਹਾਕੇ ਦਰ ਦਹਾਕੇ ਭਾਰਤ ਦੇ ਜਲਵਾਯੂ ਨਕਸ਼ੇ ਦੀ ਤੁਲਨਾ ਕੀਤੀ ਤਾਂ ਸਭ ਤੋਂ ਸਪੱਸ਼ਟ ਬਦਲਾਅ ਉਤਰ ਵਿੱਚ ਸੀ, ਜਿੱਥੇ ਗਰਮ, ਖੁਸ਼ਕ ਖੇਤਰ ਪੂਰਬ ਵੱਲ ਉਤਰ ਪ੍ਰਦੇਸ਼ ਵਿੱਚ ਵਧ ਗਿਆ ਹੈ ਅਤੇ ਕਿਉਂਕਿ ਇਹ ਦੇਸ਼ ਦੇ ਸਭ ਤੋਂ ਮਹੱਤਵਪੂਰਨ ਖੇਤੀਬਾੜੀ ਖੇਤਰਾਂ ਵਿੱਚੋਂ ਇੱਕ ਹੈ, ਉਥੇ ਬੀਜਣ ਅਤੇ ਵਾਢੀ ਦੇ ਸਮੇਂ 'ਤੇ ਬਾਰੀਕੀ ਨਾਲ ਨਜ਼ਰ ਰੱਖਣ ਦੀ ਲੋੜ ਹੈ। ਇਹ ਨਤੀਜੇ ਇੱਕ ਘੱਟ ਮਾਨਸੂਨ ਦੇ ਵਿਚਕਾਰ ਆਏ ਹਨ, ਜੋ ਕਿ ਮੁਹੱਈਆ ਕਰਵਾਈ ਗਈ ਰਿਪੋਰਟ ਵਿੱਚ ਦੱਸੇ ਅਨੁਸਾਰ 2015 ਤੋਂ ਬਾਅਦ ਸਭ ਤੋਂ ਕਮਜ਼ੋਰ ਰਹਿ ਕੇ ਸਮਾਂਤਰ ਨਾਲੋਂ 12.6 ਫੀਸਦੀ ਘੱਟ ਸਮਾਪਤ ਹੋਇਆ। ਅਲ ਨੀਨੋ, ਪ੍ਰਸ਼ਾਂਤ ਮਹਾਸਾਗਰ ਦਾ ਸਮੇਂ-ਸਮੇਂ 'ਤੇ ਗਰਮ ਹੋਣਾ ਜੋ ਭਾਰਤ ਦੇ ਮਾਨਸੂਨ ਨੂੰ ਕਮਜ਼ੋਰ ਕਰਦਾ ਹੈ, ਇੱਕ ਮੁੱਖ ਕਾਰਕ ਸੀ। ਮਹਾਰਾਸ਼ਟਰ, ਕਰਨਾਟਕ, ਤਿਲੰਗਾਨਾ, ਆਂਧਰਾ ਪ੍ਰਦੇਸ਼ ਅਤੇ ਰਾਜਸਥਾਨ ਦੇ ਵੱਡੇ ਹਿੱਸਿਆਂ ਵਿੱਚ ਵੀ ਸੋਕਾ ਘੋਸ਼ਿਤ ਕੀਤਾ ਗਿਆ ਸੀ।

ਅਧਿਐਨ ਦੇ ਸਹਿ-ਲੇਖਕ ਅਤੇ ਭਾਰਤੀ ਮੌਸਮ ਵਿਗਿਆਨ ਵਿਭਾਗ • ਬਾਕੀ ਸਫਾ 2 'ਤੇ

## ਗਮਾਡਾ ਵੱਲੋਂ ਐਲਾਨੇ ਜ਼ਮੀਨਾਂ ਦੇ ਮੁੱਲ ਦਾ ਕਿਸਾਨਾਂ ਵੱਲੋਂ ਵਿਰੋਧ

**ਮੁਹਾਲੀ (ਨ ਜ਼ ਸ)**-ਗਰੇਟਰ ਮੁਹਾਲੀ ਏਰੀਆ ਡਿਵੈੱਲਪਮੈਂਟ ਅਥਾਰਟੀ (ਗਮਾਡਾ) ਵੱਲੋਂ ਮੁਹਾਲੀ ਦੇ ਸੈਕਟਰ 87 ਵਿੱਚ ਵਪਾਰਕ ਖੇਤਰ ਦੇ ਵਿਸਥਾਰ ਲਈ ਜ਼ਮੀਨ ਦੇ ਮੁੱਲ ਦਾ ਐਲਾਨ ਕੀਤੇ ਜਾਣ ਤੋਂ ਬਾਅਦ ਇਸ ਦੀ ਚਹੁੰ ਪਾਸਿਓਂ ਸਖ਼ਤ ਆਲੋਚਨਾ ਹੋ ਰਹੀ ਹੈ। ਵਿਕਾਸ ਅਥਾਰਟੀ ਨੇ ਜ਼ਮੀਨ ਮਾਲਕਾਂ ਤੋਂ ਜ਼ਮੀਨ ਐਕੁਆਇਰ ਕਰਨ ਲਈ 4.27 ਕਰੋੜ ਰੁਪਏ ਤੋਂ ਲੈ ਕੇ 5.61 ਕਰੋੜ ਰੁਪਏ ਪ੍ਰਤੀ ਏਕੜ ਤੱਕ ਦੀਆਂ ਦਰਾਂ ਤੈਅ ਕੀਤੀਆਂ ਹਨ। ਦਰਾਂ ਸੋਹਾਣਾ ਵਿੱਚ 5.61 ਕਰੋੜ ਰੁਪਏ ਪ੍ਰਤੀ ਏਕੜ, ਨਾਨੂਮਾਜਰਾ ਵਿੱਚ 4.56 ਕਰੋੜ ਰੁਪਏ ਪ੍ਰਤੀ ਏਕੜ, ਮਾਣਕ ਮਾਜਰਾ ਵਿੱਚ 5.03 ਕਰੋੜ ਰੁਪਏ ਪ੍ਰਤੀ ਏਕੜ ਅਤੇ ਸੰਭਾਲਕੀ ਪਿੰਡ ਵਿੱਚ 4.27 ਕਰੋੜ ਰੁਪਏ ਪ੍ਰਤੀ ਏਕੜ ਤੈਅ ਕੀਤੀਆਂ ਗਈਆਂ ਸਨ। ਮੁੜ ਵਸੇਬੇ ਅਤੇ ਮੁੜ ਸਥਾਪਨ ਲਈ ਮੁੱਲ ਦਾ ਐਲਾਨ ਵੱਖਰੇ ਤੌਰ 'ਤੇ ਕੀਤਾ ਜਾਵੇਗਾ।

ਜ਼ਮੀਨ ਮਾਲਕਾਂ ਕੋਲ ਜਾਂ ਤਾਂ ਤੈਅਸ਼ੁਦਾ ਮਾਰਕੀਟ ਦਰ 'ਤੇ ਨਕਦ ਮੁਆਵਜ਼ਾ ਪ੍ਰਵਾਨ ਕਰਨ ਜਾਂ ਲੈਂਡ ਪੂਲਿੰਗ ਨੀਤੀ ਦੀ ਚੋਣ ਕਰਨ ਦੀ ਆਜ਼ਾਦੀ ਹੋਵੇਗੀ। ਪਿੰਡ ਵਾਸੀਆਂ, ਕਿਸਾਨ ਯੂਨੀਅਨ ਆਗੂਆਂ ਅਤੇ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨੇ ਇਸ ਕਦਮ ਨੂੰ ਕੌਡੀਆਂ ਦੇ ਭਾਅ ਕਿਸਾਨਾਂ ਦੀ ਜ਼ਮੀਨ ਦੀ ਲੁੱਟ ਕਰਾਰ ਦਿੱਤਾ ਹੈ ਅਤੇ ਨੋਟ ਕੀਤਾ ਕਿ ਗਮਾਡਾ ਖੁਦ ਵਿਕਸਤ ਜ਼ਮੀਨ ਨੂੰ 80 ਕਰੋੜ ਤੋਂ 90 ਕਰੋੜ ਰੁਪਏ ਪ੍ਰਤੀ ਏਕੜ ਵਿੱਚ ਨਿਲਾਮ ਕਰਦਾ ਹੈ। ਇਹ ਐਲਾਨ ਸ਼ੁੱਕਰਵਾਰ ਨੂੰ ਜ਼ਮੀਨ ਮਾਲਕਾਂ ਦੀ ਮੌਜੂਦਗੀ ਵਿੱਚ ਸੈਕਟਰ 87 ਦੇ ਵਪਾਰਕ ਹੱਬ ਦਾ ਵਿਸਥਾਰ ਕਰਨ ਲਈ ਚਾਰ ਪਿੰਡਾਂ ਸੋਹਾਣਾ, ਨਾਨੂਮਾਜਰਾ, ਮਾਣਕ ਮਾਜਰਾ ਅਤੇ ਸੰਭਾਲਕੀ ਦੀ 196.44 ਏਕੜ ਜ਼ਮੀਨ ਐਕਵਾਇਰ ਕਰਨ ਲਈ ਕੀਤਾ ਗਿਆ ਸੀ। ਨੰਬਰਦਾਰ ਹਰਵਿੰਦਰ ਸਿੰਘ ਸੋਹਾਣਾ ਅਤੇ ਹੋਰਨਾਂ ਨੇ ਜ਼ੋਰਦਾਰ ਵਿਰੋਧ ਦਰਜ ਕਰਵਾਇਆ ਅਤੇ ਕਿਹਾ ਕਿ ਇਹ ਮੁਹਾਲੀ ਦਾ ਸਭ ਤੋਂ ਮਹਿੰਗਾ ਇਲਾਕਾ ਹੈ। ਖੁੱਲ੍ਹੇ ਬਾਜ਼ਾਰ ਵਿੱਚ ਜ਼ਮੀਨ ਦੀ ਕੀਮਤ ਲਗਪਗ 40 ਕਰੋੜ ਤੋਂ 50 ਕਰੋੜ ਰੁਪਏ ਪ੍ਰਤੀ ਏਕੜ ਹੈ। ਗਮਾਡਾ ਸਾਡੇ ਤੋਂ ਮਾਰਕੀਟ ਦਰ ਨਾਲੋਂ ਪੰਜ ਗੁਣਾ ਘੱਟ ਕੀਮਤ 'ਤੇ ਧੱਕੇ ਨਾਲ ਜ਼ਮੀਨ ਐਕਵਾਇਰ ਕਰ ਰਿਹਾ ਹੈ।



ਮਾਈਕਲ ਫ਼ਿਲਮ ਦੇਖਦਿਆਂ...
(ਆਖਰੀ ਸਫੇ 'ਤੇ)


# ਨਵਾਂ ਜ਼ਮਾਨਾ ਐਤਵਾਰਤਾ


ਇਹ ਦੁਨੀਆ ਕੰਮ ਦਾ ਬੰਦਾ ਪਸੰਦ ਕਰਦੀ ਹੈ,
ਮਸ਼ੀਨ ਮੇਚ ਦਾ ਪੁਰਜ਼ਾ ਪਸੰਦ ਕਰਦੀ ਹੈ।
ਜੇ ਰਾਜਾ ਪਾਨ ਦੀ ਬੇਗੀ ਪਸੰਦ ਕਰਦਾ ਹੈ,
ਤਾਂ ਰਾਣੀ ਹੁਕਮ ਦਾ ਗੋਲਾ ਪਸੰਦ ਕਰਦੀ ਹੈ।

- ਵਿਜੈ ਵਿਵੇਕ


Regd. No : L-4/Pb-JL-0023/2024-26, (R.N.I.)-00068/57 ਜਲੰਧਰ : ਐਤਵਾਰ, 25 ਅਕਤੂਬਰ 2026 www.nawanzamana.in ਕੀਮਤ 5.00 ਰੁਪਏ


# ਟਰਾਂਸਜੈਂਡਰ ਪਛਾਣ ਦਾ ਵਿਕਾਸ

## ਸੰਭਾਵਿਤ ਜੈਵਿਕ, ਹਾਰਮੋਨ ਸੰਬੰਧੀ ਅਤੇ ਦਿਮਾਗ਼ੀ ਕਾਰਕ

**ਰਿਸ਼ੀ ਗੁਲਾਟੀ (ਆਸਟ੍ਰੇਲੀਆ)**

ਟਰਾਂਸਜੈਂਡਰ ਪਛਾਣ ਦੇ ਵਿਕਾਸ ਬਾਰੇ ਮੌਜੂਦਾ ਵਿਗਿਆਨ ਅਜੇ ਕਿਸੇ ਇੱਕ ਸਿੱਧੇ ਕਾਰਨ 'ਤੇ ਨਹੀਂ ਪਹੁੰਚਿਆ। ਖੋਜਾਂ ਅਨੁਸਾਰ ਲਿੰਗ ਪਛਾਣ ਸਿਰਫ਼ ਪਰਵਰਿਸ਼, ਫ਼ੈਸ਼ਨ, ਸੰਗਤ, ਮੀਡੀਆ ਜਾਂ ਵਿਅਕਤੀ ਦੀ ਆਪਣੀ ਚੋਣ ਨਾਲ ਨਹੀਂ ਬਣਦੀ। ਇਸ ਦੇ ਵਿਕਾਸ ਵਿੱਚ ਜੈਵਿਕ, ਅਨੁਵੰਸ਼ਿਕ, ਗਰਭ ਦੌਰਾਨ ਹਾਰਮੋਨ ਸੰਬੰਧੀ, ਦਿਮਾਗੀ ਅਤੇ ਸਮਾਜਿਕ ਕਾਰਕਾਂ ਦੀ ਮਿਲੀ-ਜੁਲੀ ਭੂਮਿਕਾ ਹੋ ਸਕਦੀ ਹੈ।

ਗਰਭ ਦੌਰਾਨ ਬੱਚੇ ਦਾ ਸਰੀਰਕ ਅਤੇ ਦਿਮਾਗੀ ਵਿਕਾਸ ਕਈ ਨਾਜ਼ੁਕ ਪੜਾਵਾਂ 'ਚੋਂ ਨਿਕਲਦਾ ਹੈ। ਇਸ ਸਮੇਂ ਜੀਨਾਂ, ਹਾਰਮੋਨਾਂ ਅਤੇ ਦਿਮਾਗੀ ਵਿਕਾਸ ਨਾਲ ਜੁੜੀਆਂ ਪ੍ਰਕਿਰਿਆਵਾਂ ਮਹੱਤਵਪੂਰਨ ਹੁੰਦੀਆਂ ਹਨ। ਕੁਝ ਖੋਜਾਂ ਵਿੱਚ ਜਨਮ ਤੋਂ ਪਹਿਲਾਂ ਦੇ ਹਾਰਮੋਨਾਂ, ਐਂਡਰੋਜਨ ਦੇ ਸੰਪਰਕ ਅਤੇ ਹਾਰਮੋਨ ਸੰਵੇਦਨਸ਼ੀਲਤਾ ਅਤੇ ਦਿਮਾਗੀ ਬਣਤਰ ਨੂੰ ਲਿੰਗ ਪਛਾਣ ਨਾਲ ਸੰਭਾਵੀ ਤੌਰ 'ਤੇ ਜੋੜ ਕੇ ਵੇਖਿਆ ਗਿਆ ਹੈ।

ਟਰਾਂਸਜੈਂਡਰ ਪਛਾਣ ਦੇ ਸੰਭਾਵਿਤ ਜੈਵਿਕ ਵਿਕਾਸ ਬਾਰੇ ਜੀਵ ਵਿਗਿਆਨਕ ਅਤੇ ਦਿਮਾਗੀ ਵਿਕਾਸ ਸੰਬੰਧੀ ਖੋਜ ਵਿੱਚ ਇੱਕ ਮਹੱਤਵਪੂਰਨ ਵਿਚਾਰ ਇਹ ਹੈ ਕਿ ਸਰੀਰਕ ਜਣਨ ਅੰਗਾਂ ਦਾ ਵਿਕਾਸ ਅਤੇ ਦਿਮਾਗ ਦਾ ਲਿੰਗ ਸੰਬੰਧੀ ਵਿਕਾਸ ਇੱਕੋ ਸਮੇਂ ਨਹੀਂ ਹੁੰਦੇ। ਸਰੀਰਕ ਜਣਨ ਅੰਗਾਂ ਦਾ ਵਿਕਾਸ ਗਰਭ ਅਵਸਥਾ ਦੇ ਪਹਿਲੇ ਭਾਗ ਵਿੱਚ ਹੁੰਦਾ ਹੈ, ਜਦ ਕਿ ਦਿਮਾਗ਼ ਦੁਆਰਾ ਜਿਨਸੀ ਵਿਭਿੰਨਤਾ ਗਰਭ ਅਵਸਥਾ ਦੇ ਦੂਜੇ ਪੜਾਅ ਦੌਰਾਨ ਹੁੰਦੀ ਹੈ। ਕਈ ਖੋਜਕਾਰਾਂ ਦਾ ਮੰਨਣਾ ਹੈ ਕਿ ਸਰੀਰ ਅਤੇ ਦਿਮਾਗ਼ ਦੇ ਵਿਕਾਸ ਨੂੰ ਵੱਖ-ਵੱਖ ਜੀਵ ਵਿਗਿਆਨਕ ਜਾਂ ਹਾਰਮੋਨਾਂ ਦੇ ਅਸਰ ਪ੍ਰਭਾਵਿਤ ਕਰ ਸਕਦੇ ਹਨ। ਇਸ ਖੋਜ ਅਨੁਸਾਰ ਨਰ ਭਰੂਣ ਦੇ ਦਿਮਾਗ਼ 'ਤੇ ਟੈਸਟੋਸਟੀਰੋਂਨ ਦਾ ਪ੍ਰਭਾਵ ਪੈਂਦਾ ਹੈ। ਜੇਕਰ ਟੈਸਟੋਸਟੀਰੋਂਨ ਦਾ ਸੰਕੇਤ ਘੱਟ ਹੋਵੇ, ਰੁਕ ਜਾਵੇ ਜਾਂ ਦਿਮਾਗ਼ ਉਨ੍ਹਾਂ ਸੰਕੇਤਾਂ ਨੂੰ ਠੀਕ ਤਰੀਕੇ ਨਾਲ ਸਮਝ ਨਾ ਸਕੇ ਤਾਂ ਬੱਚੇ ਦੇ ਜਣਨ ਅੰਗਾਂ ਸੰਬੰਧੀ ਵਿਕਾਸ ਅਤੇ ਦਿਮਾਗ਼ ਦੇ ਲਿੰਗ ਸੰਬੰਧੀ ਵਿਕਾਸ ਵਿੱਚ ਅੰਤਰ ਹੋ ਸਕਦਾ ਹੈ। ਕੁਝ ਖੋਜਕਾਰ ਇਸ ਨੂੰ ਟਰਾਂਸਜੈਂਡਰ ਪਛਾਣ ਦੇ ਸੰਭਾਵਿਤ ਜੈਵਿਕ ਕਾਰਕਾਂ ਵਿੱਚੋਂ ਇੱਕ ਮੰਨ ਕੇ ਅਧਿਐਨ ਕਰਦੇ ਹਨ।

ਟਰਾਂਸਜੈਂਡਰ ਪਛਾਣ ਦੇ ਸੰਭਾਵਿਤ ਜੈਵਿਕ ਕਾਰਨਾਂ ਨੂੰ ਸਮਝਣ ਲਈ ਵਿਗਿਆਨੀਆਂ ਨੇ ਇਹ ਵੀ ਅਧਿਐਨ ਕੀਤਾ ਹੈ ਕਿ ਗਰਭ ਦੌਰਾਨ ਬੱਚੇ ਦੇ ਸਰੀਰ ਅਤੇ ਦਿਮਾਗ਼ ਦਾ ਵਿਕਾਸ ਕਿਵੇਂ ਹੁੰਦਾ ਹੈ। ਗਰਭ ਦੇ ਸ਼ੁਰੂਆਤੀ ਹਫ਼ਤਿਆਂ ਦੌਰਾਨ ਭਰੂਣ ਦੇ ਪ੍ਰਜਣਨ ਅੰਗਾਂ ਦਾ ਵਿਕਾਸ ਹੁੰਦਾ ਹੈ। ਨਰ ਭਰੂਣ ਵਿੱਚ ਅੰਡਕੋਸ਼ ਬਣਨ ਤੋਂ ਬਾਅਦ ਟੈਸਟੋਸਟੀਰੋਂਨ ਸਮੇਤ ਐਂਡਰੋਜਨ ਹਾਰਮੋਨ ਬਣਨੇ ਸ਼ੁਰੂ ਹੁੰਦੇ ਹਨ। ਇਹ ਹਾਰਮੋਨ ਸਰੀਰ ਦੇ ਪੁਰਸ਼ ਸੰਬੰਧੀ ਜਣਨ ਅੰਗਾਂ ਦੇ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਇਸ ਦੌਰਾਨ ਦਿਮਾਗ਼ ਦਾ ਵਿਕਾਸ ਵੀ ਜਾਰੀ ਰਹਿੰਦਾ ਹੈ, ਪਰ ਸਰੀਰ ਅਤੇ ਦਿਮਾਗ਼ ਦੇ ਵਿਕਾਸ ਦੀਆਂ ਪ੍ਰਕਿਰਿਆਵਾਂ ਇੱਕੋ ਸਮੇਂ ਸ਼ੁਰੂ ਹੋ ਕੇ ਇੱਕੋ ਸਮੇਂ ਪੂਰੀਆਂ ਨਹੀਂ ਹੁੰਦੀਆਂ। ਦਿਮਾਗ਼ ਦਾ ਵਿਕਾਸ ਗਰਭ ਅਵਸਥਾ ਦੇ ਕਾਫ਼ੀ ਲੰਬੇ ਸਮੇਂ ਤੱਕ ਜਾਰੀ ਰਹਿੰਦਾ ਹੈ।

ਗਰਭ ਦੌਰਾਨ ਬਣਨ ਵਾਲੇ ਹਾਰਮੋਨ ਵਿਕਸਤ ਹੋ ਰਹੇ ਦਿਮਾਗ਼ 'ਤੇ ਵੀ ਪ੍ਰਭਾਵ ਪਾ ਸਕਦੇ ਹਨ, ਪਰ ਸਰੀਰ ਵਿੱਚ ਹਾਰਮੋਨ ਦਾ ਬਣ ਜਾਣਾ ਹੀ ਕਾਫ਼ੀ ਨਹੀਂ ਹੁੰਦਾ। ਇਹ ਵੀ ਮਹੱਤਵਪੂਰਨ ਹੈ ਕਿ ਹਾਰਮੋਨ ਦੀ ਮਾਤਰਾ ਕਿੰਨੀ ਹੈ, ਉਹ ਸਰੀਰ ਵਿੱਚ ਕਿਸ ਰੂਪ ਵਿੱਚ ਬਦਲਦਾ ਹੈ ਅਤੇ ਸਰੀਰ ਦੀਆਂ ਕੋਸ਼ਿਕਾਵਾਂ ਉਸ ਦੇ ਸੰਕੇਤਾਂ ਨੂੰ ਕਿਵੇਂ ਸਵੀਕਾਰ ਕਰਦੀਆਂ ਹਨ। ਜੇਕਰ ਇਨ੍ਹਾਂ ਪ੍ਰਕਿਰਿਆਵਾਂ ਵਿੱਚ ਕੁਦਰਤੀ ਫਰਕ ਹੋਵੇ ਤਾਂ ਸਰੀਰ ਅਤੇ ਦਿਮਾਗ ਦੇ ਵਿਕਾਸ 'ਤੇ ਵੀ ਵੱਖਰਾ ਪ੍ਰਭਾਵ ਪੈ ਸਕਦਾ ਹੈ। ਕੁਝ ਵਿਗਿਆਨੀ ਇਸ ਸੰਭਾਵਨਾ ਦਾ ਅਧਿਐਨ ਕਰ ਰਹੇ ਹਨ ਕਿ ਗਰਭ ਦੌਰਾਨ ਹੋਣ ਵਾਲੇ ਅਜਿਹੇ ਜੈਵਿਕ ਫਰਕ ਬਾਅਦ ਦੀ ਲਿੰਗ ਪਛਾਣ ਦੇ ਵਿਕਾਸ ਨਾਲ ਵੀ ਸੰਬੰਧਤ ਹੋ ਸਕਦੇ ਹਨ।

ਗਰਭ ਅਵਸਥਾ ਦੌਰਾਨ ਹਾਰਮੋਨਾਂ ਦੇ ਸੰਭਾਵਿਤ ਪ੍ਰਭਾਵ ਨੂੰ ਸਮਝਣ ਲਈ ਵਿਗਿਆਨੀਆਂ ਨੇ ਉਸ ਹਾਲਾਤ ਦਾ ਅਧਿਐਨ ਵੀ ਕੀਤਾ ਹੈ, ਜਦੋਂ ਕਿ ਭਰੂਣ ਆਮ ਨਾਲੋਂ ਵੱਧ ਜਾਂ ਘੱਟ ਹਾਰਮੋਨਾਂ ਦੇ ਪ੍ਰਭਾਵ ਹੇਠ ਵਿਕਸਿਤ ਹੁੰਦਾ ਹੈ। ਲਿੰਗ ਪਛਾਣ ਦੇ ਵਿਕਾਸ ਨਾਲ ਸੰਬੰਧਤ ਖੋਜਾਂ ਵਿੱਚ ਹਾਰਮੋਨਾਂ ਦੇ ਪ੍ਰਭਾਵ ਨੂੰ ਇੱਕ ਮਹੱਤਵਪੂਰਨ ਵਿਸ਼ਾ ਮੰਨਿਆ ਗਿਆ ਹੈ। ਇਸ ਸੰਦਰਭ ਵਿੱਚ ਕੰਜੈਨੀਟਲ ਐਡਰੀਨਲ ਹਾਈਪਰਪਲੇਸੀਆ ਬਾਰੇ ਕੀਤੀਆਂ ਗਈਆਂ ਖੋਜਾਂ ਵਿਸ਼ੇਸ਼ ਤੌਰ 'ਤੇ ਮਹੱਤਵਪੂਰਨ ਹਨ। ਇਹ ਇਕ ਅਜਿਹੀ ਸਥਿਤੀ ਹੁੰਦੀ ਹੈ, ਜਿਸ ਵਿਚ ਮਾਦਾ ਗੁਣਸੂਤਰੀ ਬਣਤਰ ਵਾਲੇ ਕੁਝ ਬੱਚੇ ਗਰਭ ਵਿਚ ਵਧੇ ਹੋਏ ਐਨਡਰੋਜਨ ਹਾਰਮੋਨਾਂ ਦੇ ਪ੍ਰਭਾਵ ਹੇਠ ਵਿਕਸਤ ਹੁੰਦੇ ਹਨ। ਇਹ ਹਾਰਮੋਨ, ਖਾਸ ਤੌਰ 'ਤੇ ਟੈਸਟੋਸਟੀਰੋਂਨ ਸੰਬੰਧੀ ਪ੍ਰਭਾਵ, ਸਰੀਰਕ ਲਿੰਗੀ ਵਿਕਾਸ, ਦਿਮਾਗ਼ੀ ਵਿਕਾਸ ਅਤੇ ਕੁਝ ਹਾਲਤਾਂ ਵਿਚ ਲਿੰਗ ਭੂਮਿਕਾ ਸੰਬੰਧੀ ਵਰਤਾਓ 'ਤੇ ਪ੍ਰਭਾਵ ਪਾ ਸਕਦੇ ਹਨ।

ਇੱਕ ਅਧਿਐਨ ਵਿੱਚ ਸ੍ਰੀਲੰਕਾ ਦੀਆਂ ਕੰਜੈਨੀਟਲ ਐਡਰੀਨਲ ਹਾਈਪਰਪਲੇਸੀਆ ਵਾਲੀਆਂ ਕੁੜੀਆਂ ਦੀ ਲਿੰਗ ਪਛਾਣ ਅਤੇ ਲਿੰਗ ਭੂਮਿਕਾ ਵਿਵਹਾਰ ਸੰਬੰਧੀ ਤੁਲਨਾ ਸਿਹਤਮੰਦ ਬੱਚਿਆਂ ਨਾਲ ਕੀਤੀ ਗਈ। ਇਸ ਅਧਿਐਨ ਵਿੱਚ ਇਨ੍ਹਾਂ ਕੁੜੀਆਂ ਦੇ ਲਿੰਗ ਭੂਮਿਕਾ ਵਿਵਹਾਰ ਵਿੱਚ ਮਰਦਾਨਾ ਪੱਖ ਭਾਰੂ ਪਾਇਆ ਗਿਆ ਅਤੇ ਕੁਝ ਬੱਚਿਆਂ ਵਿੱਚ ਲਿੰਗ ਪਛਾਣ ਸੰਬੰਧੀ ਮੁਸ਼ਕਲਾਂ ਦੇ ਸੰਕੇਤ ਵੀ ਵੇਖੇ ਗਏ। ਅਧਿਐਨ ਦੇ ਨਤੀਜੇ ਵਜੋਂ ਇਹ ਪਤਾ ਲੱਗਾ ਕਿ ਇਹ ਸਮਾਜਿਕ ਪਰਵਰਿਸ਼ ਜਾਂ ਇਲਾਜ ਸੰਬੰਧੀ ਕਾਰਕਾਂ ਨਾਲੋਂ ਵਧੇਰੇ, ਗਰਭ ਦੌਰਾਨ ਐਂਡਰੋਜਨ ਹਾਰਮੋਨਾਂ ਦੇ ਵਧੇ ਹੋਏ ਪ੍ਰਭਾਵ ਨਾਲ ਸੰਬੰਧਤ ਹੋ ਸਕਦੇ ਹਨ।

ਕੰਜੈਨੀਟਲ ਐਡਰੀਨਲ ਹਾਈਪਰਪਲੇਸੀਆ ਦੀਆਂ ਖੋਜਾਂ ਵਿੱਚ ਮੁੱਖ ਮੁੱਦਾ ਗਰਭ ਦੌਰਾਨ ਵਧੇ ਹੋਏ ਐਂਡਰੋਜਨ ਹਾਰਮੋਨਾਂ ਦੇ ਪ੍ਰਭਾਵ ਦਾ ਹੈ, ਪਰ ਹਾਰਮੋਨ ਦੀ ਸਿਰਫ਼ ਮਾਤਰਾ ਹੀ ਮਹੱਤਵਪੂਰਨ ਨਹੀਂ ਹੁੰਦੀ। ਇਹ ਸਮਝਣਾ ਵੀ ਲਾਜ਼ਮੀ ਹੈ ਕਿ ਹਾਰਮੋਨ ਸਰੀਰ ਵਿੱਚ ਕਿਹੜੇ ਰੂਪ ਵਿੱਚ ਬਦਲਦਾ ਹੈ ਅਤੇ ਉਸ ਦਾ ਪ੍ਰਭਾਵ ਕਿਵੇਂ ਪੈਂਦਾ ਹੈ। ਇਸ ਗੱਲ ਨੂੰ ਸਮਝਣ ਲਈ '5 ਐਲਫ਼ਾ-ਰਿਡਕਟੇਸ ਟਾਈਪ 2' ਦੀ ਘਾਟ ਨਾਲ ਸੰਬੰਧਤ ਖੋਜਾਂ ਖਾਸ ਮਹੱਤਵ ਰੱਖਦੀਆਂ ਹਨ।

5 ਐਲਫ਼ਾ-ਰਿਡਕਟੇਸ ਟਾਈਪ 2 ਐਨਜ਼ਾਈਮ ਦੀ ਘਾਟ ਇੱਕ ਦੁਰਲੱਭ ਅਨੁਵੰਸ਼ਿਕ ਸਥਿਤੀ ਜਾਂ ਵਿਕਾਰ ਹੈ, ਜੋ ਮੁੱਖ ਰੂਪ ਵਿੱਚ ਜੈਨੇਟਿਕ ਤੌਰ 'ਤੇ (ਨਰ ਗੁਣਸੂਤਰਾਂ ਵਾਲੇ) ਪੁਰਸ਼ਾਂ ਦੇ ਸਰੀਰਕ ਅਤੇ ਲਿੰਗਕ ਵਿਕਾਸ ਨੂੰ ਪ੍ਰਭਾਵਿਤ ਕਰਦੀ ਹੈ। ਇਨਸਾਨੀ ਸਰੀਰ ਵਿੱਚ ਇੱਕ ਹੋਰ ਜੀਨ ਹੁੰਦਾ ਹੈ, ਜੋ ਕਿ 5 ਐਲਫ਼ਾ-ਰਿਡਕਟੇਸ ਟਾਈਪ 2 ਨਾਮਕ ਐਨਜ਼ਾਈਮ ਬਣਾਉਣ ਲਈ ਅਨੁਵੰਸ਼ਿਕ ਨਿਰਦੇਸ਼ ਦਿੰਦਾ ਹੈ। ਇਸ ਐਨਜ਼ਾਈਮ ਦਾ ਮਹੱਤਵਪੂਰਨ ਕੰਮ ਟੈਸਟੋਸਟੀਰੋਂਨ ਨੂੰ ਡਾਈਹਾਈਡਰੋ ਟੈਸਟੋਸਟੀਰੋਂਨ ਵਿੱਚ ਬਦਲਣਾ ਹੈ। ਗਰਭ ਦੌਰਾਨ ਪੁਰਸ਼ ਜਣਨ ਅੰਗਾਂ ਦੇ ਵਿਕਾਸ ਵਿੱਚ ਡਾਈਹਾਈਡਰੋਟੈਸਟੋਸਟੀਰੋਂਨ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। 5 ਐਲਫ਼ਾ-ਰਿਡਕਟੇਸ ਟਾਈਪ 2 ਦੀ ਘਾਟ ਹੋਣ ਦੀ ਸਥਿਤੀ ਵਿੱਚ ਟੈਸਟੋਸਟੀਰੋਂਨ ਹੋਣ ਦੇ ਬਾਵਜੂਦ ਡਾਈਹਾਈਡਰੋਟੈਸਟੋਸਟੀਰੋਂਨ ਦੀ ਲੋੜੀਂਦੀ ਮਾਤਰਾ ਨਾ ਬਣਨ ਕਾਰਨ ਨਰ ਭਰੂਣ ਦੇ ਬਾਹਰੀ ਜਣਨ ਅੰਗ ਅਸਪੱਸ਼ਟ, ਔਰਤਾਂ ਵਾਂਗ ਜਾਂ ਘੱਟ ਮਰਦਾਨਾ ਰੂਪ ਵਿੱਚ ਵਿਕਸਿਤ ਹੋ ਸਕਦੇ ਹਨ।

ਖੋਜਾਂ ਅਨੁਸਾਰ ਸਰੀਰ ਵਿੱਚ ਕੇਵਲ ਹਾਰਮੋਨ ਦਾ ਬਣਨਾ ਹੀ ਕਾਫ਼ੀ ਨਹੀਂ ਹੁੰਦਾ। ਸਰੀਰ ਦੀਆਂ ਕੋਸ਼ਿਕਾਵਾਂ ਨੂੰ ਉਸ ਹਾਰਮੋਨ ਦਾ ਸੰਕੇਤ ਸਹੀ ਤਰੀਕੇ ਨਾਲ ਮਿਲਣਾ ਵੀ ਮਹੱਤਵਪੂਰਨ ਹੁੰਦਾ ਹੈ। ਅਜਿਹਾ ਬੱਚਾ ਅਨੁਵੰਸ਼ਿਕ ਤੌਰ 'ਤੇ ਨਰ ਗੁਣਸੂਤਰਾਂ ਵਾਲਾ ਹੁੰਦਾ ਹੈ ਅਤੇ ਉਸ ਦੇ ਸਰੀਰ ਵਿੱਚ ਟੈਸਟਰੋਸਟੀਰੋਂਨ ਵੀ ਪੂਰੀ ਮਾਤਰਾ ਵਿੱਚ ਬਣਦਾ ਹੈ। ਇੱਕ ਅਨੁਵੰਸ਼ਿਕ ਨੁਕਸ ਕਾਰਨ ਉਸ ਦੇ ਸਰੀਰ ਦੀਆਂ ਕੋਸ਼ਿਕਾਵਾਂ ਹਾਰਮੋਨਾਂ ਦੇ ਸੰਕੇਤ ਨੂੰ ਆਮ ਤਰੀਕੇ ਨਾਲ ਸਵੀਕਾਰ ਨਹੀਂ ਕਰ ਸਕਦੀਆਂ। ਨਤੀਜੇ ਵਜੋਂ ਉਸ ਬੱਚੇ ਦੇ ਜਣਨ ਅੰਗ ਬਾਹਰੋਂ ਕੁੜੀਆਂ ਵਾਂਗ ਹੋ ਸਕਦੇ ਹਨ। ਬਾਲਗ਼ ਹੋਣ 'ਤੇ ਉਹ ਆਪਣੇ ਆਪ ਨੂੰ ਔਰਤ ਮਹਿਸੂਸ ਕਰਦੇ ਹਨ ਅਤੇ ਪੁਰਸ਼ਾਂ ਵੱਲ ਹੀ ਆਕਰਸ਼ਿਤ ਹੁੰਦੇ ਹਨ। ਅਜਿਹੇ ਵਿਅਕਤੀਆਂ ਦੀਆਂ ਛਾਤੀਆਂ ਵੀ ਔਰਤਾਂ ਵਾਂਗ ਪੂਰਨ ਵਿਕਸਤ ਹੁੰਦੀਆਂ ਹਨ, ਪਰ ਮਾਹਵਾਰੀ ਨਹੀਂ ਆਉਂਦੀ। ਉਨ੍ਹਾਂ ਦੇ ਸਰੀਰ ਅੰਦਰ ਅੰਡਾਸ਼ਯ, ਬੱਚੇਦਾਨੀ ਜਾਂ ਔਰਤਾਂ ਨਾਲ ਸੰਬੰਧਤ ਹੋਰ ਅੰਗ ਨਾ ਹੋ ਕੇ (ਸਰੀਰ ਦੇ ਅੰਦਰ ਹੀ) ਅਰਧਵਿਕਸਤ ਜਾਂ ਅੰਦਰੂਨੀ ਅੰਡਕੋਸ਼ ਹੁੰਦੇ ਹਨ, ਜੋ ਕਿ ਪੂਰਨ ਮਾਤਰਾ ਵਿੱਚ ਟੈਸਟਰੋਸਟੀਰੋਂਨ ਬਣਾਉਂਦੇ ਹਨ।

ਵਧੇਰੇ ਕਰਕੇ ਅਜਿਹੇ ਕੇਸਾਂ ਦਾ ਉਦੋਂ ਪਤਾ ਲੱਗਦਾ ਹੈ, ਜਦੋਂ ਕਿ ਕਿਸ਼ੋਰ ਅਵਸਥਾ ਵਿੱਚ ਕੁੜੀਆਂ ਨੂੰ ਮਾਹਵਾਰੀ ਨਾ ਆਉਣ ਕਰਕੇ ਡਾਕਟਰ ਦੀ ਸਲਾਹ ਲਈ ਜਾਂਦੀ ਹੈ। ਡਾਕਟਰੀ ਜਾਂਚ ਨਾਲ ਉਸ ਦੇ ਅੰਦਰ ਔਰਤ ਅੰਗਾਂ ਦਾ ਨਾ ਹੋ ਕੇ ਪੁਰਸ਼ ਅੰਗ ਅੰਡਕੋਸ਼ ਹੋਣ ਬਾਰੇ ਪਤਾ ਲੱਗਦਾ ਹੈ ਅਤੇ ਖ਼ੂਨ ਦੇ ਟੈਸਟਾਂ ਦੁਆਰਾ ਉਸ ਦੇ ਨਰ ਗੁਣਸੂਤਰਾਂ ਦੀ ਪੁਸ਼ਟੀ ਹੁੰਦੀ ਹੈ।

ਗਰਭ ਦੌਰਾਨ ਹਾਰਮੋਨਾਂ ਦੇ ਸੰਭਾਵਿਤ ਪ੍ਰਭਾਵ ਬਾਰੇ ਹੋਈਆਂ ਖੋਜਾਂ ਵਿੱਚ ਵਿਗਿਆਨੀਆਂ ਨੇ ਮਨੁੱਖੀ ਵਿਕਾਸ ਦੇ ਕਈ ਵੱਖਰੇ ਪੱਖਾਂ ਦਾ ਅਧਿਐਨ ਕੀਤਾ ਹੈ। ਇਨ੍ਹਾਂ ਵਿੱਚ ਜਿਨਸੀ ਰੁਝਾਨ, ਲਿੰਗ ਪਛਾਣ ਅਤੇ ਬਚਪਨ ਦਾ ਲਿੰਗ ਆਧਾਰਤ ਵਿਵਹਾਰ ਸ਼ਾਮਲ ਹਨ। ਕਿਸੇ ਬੱਚੇ ਦਾ ਖਿਡੌਣਿਆਂ, ਖੇਡਾਂ ਜਾਂ ਗਤੀਵਿਧੀਆਂ ਵਿੱਚ ਦਿਲਚਸਪੀ ਤੋਂ ਉਸ ਦੀ ਭਵਿੱਖ ਦੀ ਲਿੰਗ ਪਛਾਣ ਜਾਂ ਜਿਨਸੀ ਰੁਝਾਨ ਬਾਰੇ ਪੱਕਾ ਨਤੀਜਾ ਨਹੀਂ ਕੱਢਿਆ ਜਾ ਸਕਦਾ। ਇਸੇ ਤਰ੍ਹਾਂ ਕਿਸੇ ਵਿਅਕਤੀ ਦੀ ਲਿੰਗ ਪਛਾਣ ਤੋਂ ਉਸ ਦੇ ਜਿਨਸੀ ਰੁਝਾਨ ਬਾਰੇ ਵੀ ਨਿਸ਼ਚਿਤ ਤੌਰ 'ਤੇ ਨਹੀਂ ਕਿਹਾ ਜਾ ਸਕਦਾ।

ਗਰਭ ਦੌਰਾਨ ਹਾਰਮੋਨਾਂ ਅਤੇ ਸਰੀਰਕ ਸਥਿਤੀਆਂ ਦੇ ਵਿਸ਼ਲੇਸ਼ਣ ਤੋਂ ਬਾਅਦ ਵਿਗਿਆਨ ਜਗਤ ਦੇ ਸਾਹਮਣੇ ਇਹ ਅਹਿਮ ਸਵਾਲ ਪੈਦਾ ਹੁੰਦਾ ਹੈ ਕਿ ਕੀ ਮਨੁੱਖੀ ਲਿੰਗ ਪਛਾਣ ਦੇ ਵਿਕਾਸ ਵਿੱਚ ਹਾਰਮੋਨਲ ਪ੍ਰਕਿਰਿਆਵਾਂ ਨੂੰ ਨਿਯੰਤਰਿਤ ਕਰਨ ਵਾਲੇ ਜੀਨਾਂ ਦੀ ਵੀ ਕੋਈ ਭੂਮਿਕਾ ਹੁੰਦੀ ਹੈ? ਲਿੰਗ ਪਛਾਣ ਦੇ ਸੰਭਾਵਿਤ ਜੈਵਿਕ ਆਧਾਰ ਨੂੰ ਸਮਝਣ ਲਈ ਹਾਰਮੋਨਾਂ ਦੇ ਨਾਲ-ਨਾਲ ਜੀਨਾਂ ਦੀ ਭੂਮਿਕਾ ਬਾਰੇ ਵੀ ਖੋਜਾਂ ਕੀਤੀਆਂ ਗਈਆਂ ਹਨ। ਇਸ ਸੰਦਰਭ ਵਿੱਚ ਅਨੁਵੰਸ਼ਿਕ ਖੋਜਾਂ ਦਾ ਮਕਸਦ ਕਿਸੇ ਇੱਕ ਖਾਸ 'ਟਰਾਂਸਜੈਂਡਰ ਜੀਨ' ਨੂੰ ਲੱਭਣਾ ਨਹੀਂ, ਸਗੋਂ ਉਨ੍ਹਾਂ ਅਨੁਵੰਸ਼ਿਕ ਕਾਰਨਾਂ ਦੀ ਪਛਾਣ ਕਰਨਾ ਹੈ, ਜੋ ਇਸ ਜੈਵਿਕ ਵਿਕਾਸ ਨੂੰ ਪ੍ਰਭਾਵਿਤ ਕਰਦੇ ਹਨ। ਇਸ ਤੋਂ ਅੱਗੇ ਮਹੱਤਵਪੂਰਨ ਸਵਾਲ ਇਹ ਪੈਦਾ ਹੁੰਦੇ ਹਨ ਕਿ;

ਕੀ ਗਰਭ ਦੌਰਾਨ ਇਨ੍ਹਾਂ ਜੈਵਿਕ ਪ੍ਰਕਿਰਿਆਵਾਂ ਦਾ ਵਿਕਸਿਤ ਹੋ ਰਹੇ ਦਿਮਾਗ 'ਤੇ ਕੋਈ ਪ੍ਰਭਾਵ ਪੈਂਦਾ ਹੈ?

ਕੀ ਦਿਮਾਗ਼ੀ ਬਣਤਰ ਜਾਂ ਕਾਰਜ ਪ੍ਰਣਾਲੀ ਦੇ ਕੁਝ ਪੱਖਾਂ ਦਾ ਲਿੰਗ ਪਛਾਣ ਨਾਲ ਕੋਈ ਸੰਬੰਧ ਮਿਲਦਾ ਹੈ?

ਇਨ੍ਹਾਂ ਸਵਾਲਾਂ ਨੂੰ ਸਮਝਣ ਲਈ ਖੋਜਕਾਰਾਂ ਨੇ ਟਰਾਂਸਜੈਂਡਰ ਅਤੇ ਸਿਸਜੈਂਡਰ (ਜੋ ਵਿਅਕਤੀ ਆਪਣੇ ਜਨਮ ਸਮੇਂ ਦੇ ਲਿੰਗ ਨਾਲ ਮੇਲ ਖਾਂਦੇ ਹਨ, ਭਾਵ ਆਮ ਪੁਰਸ਼ ਜਾਂ ਔਰਤਾਂ) ਵਿਅਕਤੀਆਂ ਦੇ ਦਿਮਾਗ਼ਾਂ ਦੀ ਤੁਲਨਾ ਕਰਕੇ ਕਈ ਅਧਿਐਨ ਕੀਤੇ ਹਨ। ਖੋਜਕਾਰ ਮੁੱਖ ਤੌਰ 'ਤੇ ਇਹ ਵੇਖਦੇ ਹਨ ਕਿ ਕੀ ਟਰਾਂਸਜੈਂਡਰ ਅਤੇ ਸਿਸਜੈਂਡਰ ਵਿਅਕਤੀਆਂ ਦੇ ਦਿਮਾਗ਼ਾਂ ਦੇ ਕੁਝ ਹਿੱਸਿਆਂ ਦੀ ਬਣਤਰ ਜਾਂ ਕਾਰਜ ਵਿੱਚ ਕੋਈ ਅਜਿਹੇ ਫ਼ਰਕ ਮਿਲਦੇ ਹਨ, ਜੋ ਕਿ ਲਿੰਗ ਪਛਾਣ ਦੇ ਮਾਮਲੇ 'ਚ ਜੈਵਿਕ ਵਿਕਾਸ ਨੂੰ ਸਮਝਣ ਵਿੱਚ ਮਦਦ ਕਰ ਸਕਣ?

1995 'ਚ ਹੋਈ ਇੱਕ ਖੋਜ ਵਿੱਚ ਵਿਗਿਆਨੀਆਂ ਨੇ ਦਿਮਾਗ਼ ਦੇ ਲਿਮਬਿਕ ਸਿਸਟਮ ਦੇ ਇੱਕ ਖਾਸ ਹਿੱਸੇ ਦੀ ਜਾਂਚ ਕੀਤੀ। ਇਹ ਇਨਸਾਨੀ ਦਿਮਾਗ਼ ਅੰਦਰ ਇੱਕ ਬਹੁਤ ਹੀ ਛੋਟਾ ਹਿੱਸਾ ਹੁੰਦਾ ਹੈ, ਜੋ ਕਿ ਹਾਈਪੋਥੈਲੇਮਸ ਦੇ ਕੋਲ ਸਥਿਤ ਹੁੰਦਾ ਹੈ ਅਤੇ ਆਮ ਤੌਰ 'ਤੇ ਪੁਰਸ਼ਾਂ ਵਿੱਚ ਵੱਡਾ ਅਤੇ ਔਰਤਾਂ ਵਿੱਚ ਛੋਟਾ ਹੁੰਦਾ ਹੈ। ਇਸ ਅਧਿਐਨ ਵਿੱਚ ਇਹ ਪਾਇਆ ਗਿਆ ਕਿ ਜਾਂਚੀਆਂ ਗਈਆਂ ਟਰਾਂਸਜੈਂਡਰ ਔਰਤਾਂ ਦੇ ਦਿਮਾਗ਼ ਵਿੱਚ ਇਸ ਹਿੱਸੇ ਦਾ ਆਕਾਰ ਆਮ ਪੁਰਸ਼ਾਂ ਵਰਗਾ ਵੱਡਾ ਨਹੀਂ, ਬਲਕਿ ਆਮ ਔਰਤਾਂ ਦੇ ਦਿਮਾਗ਼ ਵਿੱਚ ਪਾਏ ਜਾਣ ਵਾਲੇ ਇਸ ਹਿੱਸੇ ਵਾਂਗ ਛੋਟਾ ਸੀ। ਵਿਗਿਆਨੀਆਂ ਨੇ ਇਹ ਵੀ ਪਾਇਆ ਕਿ ਇਹ ਫ਼ਰਕ ਉਨ੍ਹਾਂ ਟਰਾਂਸਜੈਂਡਰ ਔਰਤਾਂ ਵਿੱਚ ਵੀ ਮੌਜੂਦ ਸੀ, ਜਿਨ੍ਹਾਂ ਨੇ ਮੌਤ ਤੋਂ ਪਹਿਲਾਂ ਹਾਰਮੋਨਾਂ ਦੀਆਂ ਦਵਾਈਆਂ ਲੈਣੀਆਂ ਬੰਦ ਕਰ ਦਿੱਤੀਆਂ ਸਨ। ਨਤੀਜਿਆਂ ਨੇ ਇਸ ਅਨੁਮਾਨ ਨੂੰ ਸਮਰਥਨ ਦਿੱਤਾ ਕਿ ਇਨਸਾਨ ਦੀ ਲਿੰਗ ਪਛਾਣ ਦੇ ਵਿਕਾਸ ਦਾ ਦਿਮਾਗ਼ ਦੇ ਵਿਕਾਸ ਅਤੇ ਵਿਸ਼ੇਸ਼ ਹਾਰਮੋਨਾਂ ਦੇ ਆਪਸੀ ਮੇਲ ਵਿੱਚ ਕੋਈ ਸੰਬੰਧ ਹੋ ਸਕਦਾ ਹੈ।

ਪਹਿਲੀ ਖੋਜ ਤੋਂ ਬਾਅਦ ਵਿਗਿਆਨੀ ਇਹ ਤਸੱਲੀ ਕਰਨੀ ਚਾਹੁੰਦੇ ਸਨ ਕਿ ਕੀ ਇਹ ਫ਼ਰਕ ਸਿਰਫ਼ ਦਿਮਾਗ਼ ਦੇ ਆਕਾਰ ਵਿੱਚ ਹੀ ਹੈ ਜਾਂ ਅੰਦਰੂਨੀ ਸੈੱਲਾਂ ਦੇ ਪੱਧਰ 'ਤੇ ਵੀ ਹੈ। ਇਸ ਲਈ ਉਨ੍ਹਾਂ ਨੇ ਦਿਮਾਗ਼ ਦੇ ਉਸੇ ਹਿੱਸੇ ਵਿੱਚ ਸੈੱਲਾਂ ਦੀ ਗਿਣਤੀ ਕਰਨੀ ਸ਼ੁਰੂ ਕਰ ਦਿੱਤੀ। ਖੋਜਕਰਤਾਵਾਂ ਨੇ ਸਾਲ 2000 'ਚ ਇੱਕ ਖਾਸ ਲੈਬ ਤਕਨੀਕ ਰਾਹੀਂ ਦਿਮਾਗ਼ ਦੇ ਸੈੱਲਾਂ ਸੋਮੈਟੋਸਟੈਟਿਨ ਨਿਊਰੋਨਜ਼ ਦੀ ਗਿਣਤੀ ਕਰਨੀ ਸ਼ੁਰੂ ਕੀਤੀ। ਪੁਰਸ਼ਾਂ ਦੇ ਦਿਮਾਗ਼ ਵਿੱਚ ਇਨ੍ਹਾਂ ਸੈੱਲਾਂ ਦੀ ਗਿਣਤੀ ਵੱਧ ਅਤੇ ਔਰਤਾਂ ਦੇ ਦਿਮਾਗ਼ ਵਿੱਚ ਇਹ ਗਿਣਤੀ ਘੱਟ ਹੁੰਦੀ ਹੈ। ਟਰਾਂਸਜੈਂਡਰ ਔਰਤਾਂ ਭਾਵ ਪੁਰਸ਼ ਰੂਪ 'ਚ ਜਨਮੇ ਵਿਅਕਤੀਆਂ ਦੇ ਦਿਮਾਗ਼ ਵਿੱਚ ਇਨ੍ਹਾਂ ਸੈੱਲਾਂ ਦੀ ਗਿਣਤੀ ਆਮ ਔਰਤਾਂ ਦੇ ਬਰਾਬਰ ਅਤੇ ਟਰਾਂਸਜੈਂਡਰ ਪੁਰਸ਼ਾਂ ਭਾਵ ਔਰਤ ਰੂਪ ਵਿੱਚ ਜਨਮੇ ਵਿਅਕਤੀਆਂ ਦੇ ਦਿਮਾਗ਼ ਵਿੱਚ ਇਨ੍ਹਾਂ ਸੈੱਲਾਂ ਦੀ ਗਿਣਤੀ ਆਮ ਪੁਰਸ਼ਾਂ ਦੇ ਬਰਾਬਰ ਸੀ।



ਲਿੰਗ ਪਛਾਣ ਤੋਂ ਵੱਖਰਾ ਇੱਕ ਹੋਰ ਪੱਖ ਜਿਨਸੀ ਰੁਝਾਨ ਹੈ, ਜਿਸ ਦਾ ਭਾਵ ਇਹ ਹੈ ਕਿ ਕੋਈ ਵਿਅਕਤੀ ਭਾਵਨਾਤਮਕ ਜਾਂ ਜਿਨਸੀ ਤੌਰ 'ਤੇ ਕਿਹੜੇ ਲਿੰਗ ਦੇ ਲੋਕਾਂ ਵੱਲ ਆਕਰਸ਼ਿਤ ਹੁੰਦਾ ਹੈ। ਦਿਮਾਗ਼ੀ ਖੋਜਾਂ ਵਿੱਚ ਜਿਨਸੀ ਰੁਝਾਨ ਦੇ ਸੰਭਾਵਿਤ ਜੈਵਿਕ ਸੰਬੰਧਾਂ ਨੂੰ ਸਮਝਣ ਲਈ ਦਿਮਾਗ਼ ਦੇ ਕੁਝ ਹਿੱਸਿਆਂ ਖਾਸ ਕਰਕੇ ਆਈ.ਐੱਨ.ਏ.ਐੱਚ 3 ਦਾ ਵੀ ਅਧਿਐਨ ਕੀਤਾ ਗਿਆ ਹੈ। ਇਸ ਦਾ ਪੂਰਾ ਨਾਂਅ 'ਥਰਡ ਇੰਟਰਸਟੀਸ਼ੀਅਲ ਨਿਊਕਲੀਅਸ ਆਫ਼ ਦ ਐਂਟੀਰੀਅਰ ਹਾਈਪੋਥੈਲੇਮਸਹੁੰਦਾ ਹੈ, ਜੋ ਕਿ ਦਿਮਾਗ਼ੀ ਕੋਸ਼ਿਕਾਵਾਂ ਦਾ ਛੋਟਾ ਸਮੂਹ ਹੁੰਦਾ ਹੈ। ਇਸ ਹਿੱਸੇ ਦੀ ਬਣਤਰ ਵਿਅਕਤੀ ਦੇ ਜੈਵਿਕ ਲਿੰਗ, ਲਿੰਗ ਪਛਾਣ ਅਤੇ ਜਿਨਸੀ ਰੁਝਾਨ ਦੇ ਹਿਸਾਬ ਨਾਲ ਵੱਖਰੀ ਹੁੰਦੀ ਹੈ। ਦਿਮਾਗ਼ ਦਾ ਇਹ ਹਿੱਸਾ ਹਾਰਮੋਨ ਕੰਟਰੋਲ ਕਰਨ, ਸਰੀਰ ਦੇ ਤਾਪਮਾਨ ਅਤੇ ਪ੍ਰਜਣਨ ਵਰਗੀਆਂ ਲੋੜਾਂ ਨੂੰ ਚਲਾਉਣ ਲਈ ਜ਼ਿੰਮੇਵਾਰ ਹੁੰਦਾ ਹੈ।

ਸਾਲ 1991 ਵਿੱਚ ਨਿਊਰੋਸਾਇੰਟਿਸਟ ਸਾਈਮਨ ਲੇਵੇ ਦੀ ਇੱਕ ਖੋਜ ਤੋਂ ਬਾਅਦ ਆਈ.ਐੱਨ.ਏ.ਐੱਚ 3 ਵੱਲ ਪੂਰੀ ਦੁਨੀਆ ਦੇ ਵਿਗਿਆਨੀਆਂ ਦਾ ਧਿਆਨ ਗਿਆ। ਜੈਵਿਕ ਪੁਰਸ਼ਾਂ ਵਿੱਚ ਇਸ ਦਾ ਆਕਾਰ ਜੈਵਿਕ ਔਰਤਾਂ ਦੇ ਮੁਕਾਬਲੇ ਕਾਫ਼ੀ ਵੱਡਾ ਹੁੰਦਾ ਹੈ ਅਤੇ ਇਸ ਵਿੱਚ ਨਿਊਰੋਨਜ਼ ਦੀ ਗਿਣਤੀ ਵੀ ਜ਼ਿਆਦਾ ਹੁੰਦੀ ਹੈ। ਇਸ ਖੋਜ ਅਨੁਸਾਰ ਇਹ ਵੀ ਪਾਇਆ ਗਿਆ ਕਿ ਸਮਲਿੰਗੀ ਪੁਰਸ਼ਾਂ ਵਿੱਚ ਦਾ ਆਈ.ਐੱਨ.ਏ.ਐੱਚ 3 ਦਾ ਆਕਾਰ ਆਮ ਪੁਰਸ਼ਾਂ ਨਾਲੋਂ ਕਾਫ਼ੀ ਛੋਟਾ ਸੀ। ਇਹ ਲੱਗਭੱਗ ਔਰਤਾਂ ਵਿੱਚ ਪਾਏ ਜਾਣ ਵਾਲੇ ਆਈ.ਐੱਨ.ਏ.ਐੱਚ 3 ਦੇ ਆਕਾਰ ਜਿੰਨਾ ਹੀ ਸੀ। ਇਸ ਤੋਂ ਇਹ ਸਾਬਤ ਹੋਇਆ ਕਿ ਜਿਨਸੀ ਰੁਝਾਨ ਪਿੱਛੇ ਜੈਵਿਕ ਅਤੇ ਦਿਮਾਗ਼ੀ ਕਾਰਨ ਵੀ ਹੁੰਦੇ ਹਨ।

ਸਾਇੰਸ ਡਾਇਰੈਕਟ ਵਿੱਚ ਛਪੀ ਇੱਕ ਰਿਪੋਰਟ ਅਨੁਸਾਰ ਟਰਾਂਸਜੈਂਡਰ ਲੋਕਾਂ ਦੇ ਦਿਮਾਗ਼ ਦੀ ਜਾਂਚ ਕੀਤੀ ਗਈ। ਜਨਮ ਸਮੇਂ ਪੁਰਸ਼ ਪਰ ਔਰਤ ਪਛਾਣ ਵਾਲੇ ਇਨ੍ਹਾਂ ਲੋਕਾਂ ਦੇ ਦਿਮਾਗ਼ ਦਾ ਆਈ.ਐੱਨ.ਏ.ਐੱਚ 3 ਖੇਤਰ ਪੁਰਸ਼ਾਂ ਵਾਂਗ ਵੱਡਾ ਹੋਣ ਦੀ ਬਜਾਏ ਔਰਤਾਂ ਵਾਂਗ ਹੀ ਛੋਟਾ ਸੀ। ਦਿਮਾਗ਼ ਦੇ ਇਸ ਖੇਤਰ ਦਾ ਵਿਕਾਸ ਪੂਰੀ ਤਰ੍ਹਾਂ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਗਰਭ ਅਵਸਥਾ ਦੌਰਾਨ ਬੱਚੇ ਨੂੰ ਕਿਹੜੇ ਹਾਰਮੋਨ ਮਿਲੇ। ਜੇਕਰ ਨਰ ਭਰੂਣ ਨੂੰ ਟੈਸਟੋਸਟੀਰੋਂਨ ਦੀ ਮਾਤਰਾ ਸਹੀ ਮਿਲਦੀ ਹੈ ਤਾਂ ਇਹ ਖੇਤਰ ਵੱਡਾ ਹੋ ਜਾਂਦਾ ਹੈ ਅਤੇ ਮਰਦਾਨਾ ਰੂਪ ਲੈ ਲੈਂਦਾ ਹੈ।




ਜਿਵੇਂ-ਜਿਵੇਂ ਮੈਡੀਕਲ ਵਿਗਿਆਨ ਨੇ ਤਰੱਕੀ ਕੀਤੀ, ਨਿਊਰੋਸਾਇੰਸ ਸਿਰਫ਼ ਮੌਤ ਤੋਂ ਬਾਅਦ ਦੇ ਟਿਸ਼ੂਆਂ ਦੀ ਜਾਂਚ ਤੱਕ ਸੀਮਿਤ ਨਹੀਂ ਰਹੀ। ਆਧੁਨਿਕ ਤਕਨੀਕਾਂ ਜਿਵੇਂ ਕਿ ਸਟ੍ਰਕਚਰਲ ਮੈਗਨੈਟਿਕ ਰੈਜ਼ੋਨੈਂਸ ਇਮੇਜ਼ਿੰਗ ਅਤੇ ਡਿਫ਼ਿਊਜ਼ਨ ਟੈਂਸਰ ਇਮੇਜ਼ਿੰਗ ਨੇ ਖੋਜਕਰਤਾਵਾਂ ਨੂੰ ਜੀਵਿਤ ਟਰਾਂਸਜੈਂਡਰ ਅਤੇ ਸਿਸਜੈਂਡਰ ਵਿਅਕਤੀਆਂ ਦੇ ਦਿਮਾਗ਼ ਦੇ ਗੁੰਝਲਦਾਰ ਨੈੱਟਵਰਕ ਦਾ ਅਧਿਐਨ ਕਰਨ ਦੇ ਯੋਗ ਬਣਾਇਆ।

ਨਿਊਰੋਸਾਇੰਸ ਦੀਆਂ ਆਧੁਨਿਕ ਖੋਜਾਂ ਮੁਤਾਬਿਕ ਗ੍ਰੇ ਮੈਟਰ ਅਤੇ ਵਾਈਟ ਮੈਟਰ ਦੀ ਬਣਤਰ ਅਤੇ ਆਪਸੀ ਸੰਪਰਕ ਵਿਅਕਤੀ ਦੀ ਲਿੰਗ ਪਛਾਣ ਤੈਅ ਕਰਨ 'ਚ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਉਪਰੋਕਤ ਖੋਜਾਂ ਮੁੱਖ ਤੌਰ 'ਤੇ ਵਾਈਟ ਮੈਟਰ 'ਤੇ ਕੇਂਦਰਤ ਹਨ, ਜੋ ਕਿ ਦਿਮਾਗ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਸੰਚਾਰ ਜਾਂ ਸੰਪਰਕ ਬਣਾਉਣ ਵਾਲੇ ਪਤਲੇ ਰੇਸ਼ਿਆਂ ਦਾ ਜਾਲ ਹੁੰਦਾ ਹੈ। ਇਹ ਦਿਮਾਗ਼ ਦੇ ਵੱਖ-ਵੱਖ ਹਿੱਸਿਆਂ ਨੂੰ ਜੋੜਦਾ ਹੈ ਅਤੇ ਇੱਕ ਤੋਂ ਦੂਜੇ ਹਿੱਸੇ ਤੱਕ ਸੰਕੇਤ ਪਹੁੰਚਾਉਣ ਦਾ ਕੰਮ ਕਰਦਾ ਹੈ। ਖੋਜਾਂ ਮੁਤਾਬਿਕ ਪੁਰਸ਼ਾਂ ਦੇ ਦਿਮਾਗ਼ ਵਿੱਚ ਅੱਗੇ ਤੋਂ ਪਿੱਛੇ ਹਿੱਸੇ ਵੱਲ ਕੁਨੈਕਸ਼ਨ ਮਜ਼ਬੂਤ ਹੁੰਦੇ ਹਨ, ਜਦ ਕਿ ਔਰਤਾਂ ਵਿੱਚ ਸੱਜੇ ਅਤੇ ਖੱਬੇ ਹਿੱਸੇ ਦੇ ਆਪਸੀ ਕੁਨੈਕਸ਼ਨ ਜ਼ਿਆਦਾ ਮਜ਼ਬੂਤ ਹੁੰਦੇ ਹਨ। ਡਿਫ਼ਿਊਜ਼ਨ ਟੈਂਸਰ ਇਮੇਜ਼ਿੰਗ ਤਕਨੀਕ ਰਾਹੀਂ ਕੀਤੀਆਂ ਗਈਆਂ ਖੋਜਾਂ ਤੋਂ ਪਤਾ ਲੱਗਾ ਹੈ ਕਿ ਟਰਾਂਸਜੈਂਡਰ ਵਿਅਕਤੀਆਂ ਦੇ ਵਾਈਟ ਮੈਟਰ ਦਾ ਤਾਣਾ-ਬਾਣਾ ਉਨ੍ਹਾਂ ਦੀ ਲਿੰਗ ਪਛਾਣ ਦੇ ਅਨੁਕੂਲ ਹੁੰਦਾ ਹੈ। ਇਹ ਖੋਜਾਂ ਸਾਬਤ ਕਰਦੀਆਂ ਹਨ ਕਿ ਲਿੰਗ ਪਛਾਣ ਕੇਵਲ ਇੱਕ ਮਾਨਸਿਕ ਸੋਚ ਨਹੀਂ ਹੈ, ਬਲਕਿ ਇਹ ਦਿਮਾਗ਼ ਦੇ ਵਾਈਟ ਮੈਟਰ ਦੇ ਨੈੱਟਵਰਕ ਵਿੱਚ ਕੁਦਰਤੀ ਤੌਰ 'ਤੇ ਮੌਜੂਦ ਹੁੰਦੀ ਹੈ।

2011 'ਚ ਕੀਤੇ ਗਏ ਇੱਕ ਅਧਿਐਨ ਵਿੱਚ ਉਨ੍ਹਾਂ ਟਰਾਂਸਜੈਂਡਰ ਪੁਰਸ਼ਾਂ (ਜਨਮ ਸਮੇਂ ਔਰਤ) ਦੇ ਦਿਮਾਗ਼ ਦੀ ਜਾਂਚ ਕੀਤੀ ਗਈ, ਜਿਨ੍ਹਾਂ ਨੇ ਅਜੇ ਕੋਈ ਵੀ ਲਿੰਗ ਪੁਸ਼ਟੀਕਰਨ ਹਾਰਮੋਨ ਥੈਰੇਪੀ ਸ਼ੁਰੂ ਨਹੀਂ ਕੀਤੀ ਸੀ। ਖੋਜਕਰਤਾਵਾਂ ਨੇ ਪਾਇਆ ਕਿ ਹਾਰਮੋਨਾਂ ਨਾਲ ਸੰਬੰਧਤ ਦਵਾਈਆਂ ਲੈਣ ਤੋਂ ਪਹਿਲਾਂ ਹੀ ਇਨ੍ਹਾਂ ਟਰਾਂਸਜੈਂਡਰ ਪੁਰਸ਼ਾਂ ਦੇ ਦਿਮਾਗ਼ ਦੇ ਮੁੱਖ ਵਾਈਟ ਮੈਟਰ ਦੀ ਬਣਤਰ ਦੀ ਰੂਪ-ਰੇਖਾ ਆਮ ਔਰਤਾਂ ਨਾਲੋਂ ਵੱਖਰੀ ਅਤੇ ਆਮ ਪੁਰਸ਼ਾਂ ਦੀ ਦਿਮਾਗ਼ੀ ਰੂਪ-ਰੇਖਾ ਦੇ ਬਹੁਤ ਨੇੜੇ ਸੀ।

ਸ਼ੁਰੂਆਤੀ ਅਧਿਐਨਾਂ ਨੇ ਦਿਮਾਗ਼ੀ ਬਣਤਰ ਨਾਲ ਸੰਬੰਧਤ ਕੁਝ ਮਹੱਤਵਪੂਰਨ ਸੰਕੇਤ ਦਿੱਤੇ, ਪਰ ਇਨ੍ਹਾਂ ਅਧਿਐਨਾਂ ਵਿੱਚ ਪ੍ਰਤੀਭਾਗੀਆਂ ਦੀ ਗਿਣਤੀ ਆਮ ਤੌਰ 'ਤੇ ਘੱਟ ਸੀ। ਘੱਟ ਗਿਣਤੀ ਪ੍ਰਤੀਭਾਗੀਆਂ ਵਿੱਚ ਮਿਲੀਆਂ ਜਾਣਕਾਰੀਆਂ ਹਰ ਤਬਕੇ ਜਾਂ ਹਰ ਅਧਿਐਨ ਵਿੱਚ ਦੁਬਾਰਾ ਮਿਲਣਾ ਲਾਜ਼ਮੀ ਨਹੀਂ ਹੁੰਦਾ। ਇਸ ਲਈ ਖੋਜੀਆਂ ਨੇ ਵੱਖ-ਵੱਖ ਖੋਜ ਕੇਂਦਰਾਂ ਤੋਂ ਡਾਟਾ ਇਕੱਤਰ ਕਰਕੇ ਵੱਡੇ ਪੱਧਰ 'ਤੇ ਵਿਸ਼ਲੇਸ਼ਣ ਕਰਨ ਦੀ ਲੋੜ ਮਹਿਸੂਸ ਕੀਤੀ। ਇਸੇ ਸੰਦਰਭ ਵਿੱਚ ਅਨਿਗਮਾ ਕੰਸੋਰਟੀਅਮ ਵਰਗੇ ਵਿਸ਼ਵ-ਵਿਆਪੀ ਸਮੂਹ ਮਹੱਤਵਪੂਰਨ ਬਣੇ।

ਅਨਿਗਮਾ ਕੰਸੋਰਟੀਅਮ 45 ਤੋਂ ਵਧੇਰੇ ਦੇਸ਼ਾਂ ਦੇ ਦੋ ਹਜ਼ਾਰ ਤੋਂ ਵੱਧ ਵਿਗਿਆਨੀਆਂ ਦਾ ਵਿਸ਼ਵ-ਵਿਆਪੀ ਸਮੂਹ ਹੈ, ਜੋ ਕਿ ਦਿਮਾਗ਼ ਦੀ ਬਣਤਰ, ਕਾਰਜ ਅਤੇ ਮਾਨਸਿਕ ਬਿਮਾਰੀਆਂ ਦੇ ਅਨੁਵੰਸ਼ਿਕ ਕੋਡਾਂ ਨਾਲ ਸੰਬੰਧਤ ਖੋਜਾਂ ਲਈ ਨਿਊਰੋਇਮੇਜ਼ਿੰਗ ਅਤੇ ਅਨੁਵੰਸ਼ਿਕ ਡਾਟਾ ਇਕੱਤਰ ਕਰਦਾ ਹੈ। ਇਸ ਵਿਸ਼ੇ ਦੇ ਸਭ ਤੋਂ ਮਹੱਤਵਪੂਰਨ ਆਧੁਨਿਕ ਅਧਿਐਨਾਂ ਵਿੱਚੋਂ ਇੱਕ 2021 'ਚ ਕੀਤਾ ਗਿਆ।

ਇਸ ਅਧਿਐਨ ਵਿੱਚ ਚਾਰ ਤਰ੍ਹਾਂ ਦੇ ਲੋਕਾਂ ਟਰਾਂਸਜੈਂਡਰ ਔਰਤਾਂ ਤੇ ਪੁਰਸ਼ਾਂ ਅਤੇ ਸਿਸਜੈਂਡਰ ਔਰਤਾਂ ਤੇ ਪੁਰਸ਼ਾਂ ਨੂੰ ਸ਼ਾਮਲ ਕੀਤਾ ਗਿਆ। ਇਸ ਅਧਿਐਨ ਦਾ ਮੰਤਵ ਆਧੁਨਿਕ ਤਕਨੀਕਾਂ ਦੀ ਮਦਦ ਨਾਲ ਵਿਗਿਆਨੀਆਂ ਨੇ ਜਿਉਂਦੇ ਲੋਕਾਂ ਦੇ ਦਿਮਾਗ਼ ਦੇ ਸਕੈਨਾਂ ਰਾਹੀਂ ਬਹੁਤ ਵੱਡੇ ਪੱਧਰ 'ਤੇ ਖੋਜ ਕਾਰਜ ਸ਼ੁਰੂ ਕਰਨਾ ਸੀ, ਤਾਂ ਜੋ ਪੁਰਾਣੀਆਂ ਖੋਜਾਂ ਦੀਆਂ ਕਮੀਆਂ ਨੂੰ ਦੂਰ ਕੀਤਾ ਜਾ ਸਕੇ। ਇਸ ਵਿਸ਼ਵ-ਵਿਆਪੀ ਮੈਗਾ-ਵਿਸ਼ਲੇਸ਼ਣ ਵਿੱਚ ਦੁਨੀਆ ਭਰ ਦੇ ਕਈ ਖੋਜ ਕੇਂਦਰਾਂ ਤੋਂ ਸਕੈਨ ਇਕੱਠੇ ਕੀਤੇ ਗਏ।

ਇਸ ਅਧਿਐਨ ਵਿੱਚ ਦਿਮਾਗ਼ ਦੇ ਵੱਖ-ਵੱਖ ਹਿੱਸਿਆਂ ਦੀ ਮੋਟਾਈ ਅਤੇ ਗ੍ਰੇ-ਮੈਟਰ ਦੀ ਬਰੀਕੀ ਨਾਲ ਜਾਂਚ ਕੀਤੀ ਗਈ। ਗ੍ਰੇ-ਮੈਟਰ ਦਿਮਾਗ਼ ਦਾ ਉਹ ਸਰਗਰਮ ਹਿੱਸਾ ਹੁੰਦਾ ਹੈ, ਜੋ ਜਾਣਕਾਰੀ ਨੂੰ ਸਮਝਣ, ਵਿਚਾਰਨ, ਵਿਸ਼ਲੇਸ਼ਣ ਕਰਨ ਅਤੇ ਉਸ ਅਨੁਸਾਰ ਪ੍ਰਤੀਕਿਰਿਆ ਕਰਨ ਦਾ ਕੰਮ ਸੰਭਾਲਦਾ ਹੈ। ਜੈਵਿਕ ਪੁਰਸ਼ਾਂ ਅਤੇ ਔਰਤਾਂ ਦੇ ਦਿਮਾਗ਼ ਦੇ ਕੁਝ ਹਿੱਸਿਆਂ ਵਿੱਚ ਗ੍ਰੇ ਮੈਟਰ ਦੀ ਮਾਤਰਾ ਅਤੇ ਸੰਘਣਤਾ ਵੱਖ-ਵੱਖ ਹੁੰਦੀ ਹੈ। ਦਿਮਾਗ਼ ਦੇ ਸਕੈਨ ਰਾਹੀਂ ਕੀਤੀਆਂ ਗਈਆਂ ਖੋਜਾਂ ਅਨੁਸਾਰ ਪਤਾ ਲੱਗਦਾ ਹੈ ਕਿ ਕਿਸੇ ਟਰਾਂਸਜੈਂਡਰ ਵਿਅਕਤੀ ਦੇ ਦਿਮਾਗ਼ ਦੇ ਕੁਝ ਮੁੱਖ ਹਿੱਸਿਆਂ ਵਿੱਚ ਗ੍ਰੇ ਮੈਟਰ ਦੀ ਬਣਤਰ, ਉਨ੍ਹਾਂ ਦੇ ਜਨਮ ਦੇ ਲਿੰਗ ਨਾਲ ਮੇਲ ਖਾਣ ਦੀ ਬਜਾਏ ਉਨ੍ਹਾਂ ਦੇ ਅੰਦਰੂਨੀ ਲਿੰਗ ਪਛਾਣ (ਜੋ ਉਹ ਮਹਿਸੂਸ ਕਰਦੇ ਹਨ) ਨਾਲ ਵਧੇਰੇ ਮੇਲ ਖਾਂਦੀ ਹੈ। ਉਦਾਹਰਣ ਵਜੋਂ ਪੁਰਸ਼ ਤੋਂ ਔਰਤ ਬਣੇ ਵਿਅਕਤੀ ਦੇ ਦਿਮਾਗ਼ ਦੇ ਕੁਝ ਹਿੱਸਿਆਂ ਵਿੱਚ ਗ੍ਰੇ ਮੈਟਰ ਦੀ ਮਾਤਰਾ ਆਮ ਔਰਤਾਂ ਵਰਗੀ ਹੁੰਦੀ ਹੈ।

ਜਦੋਂ ਗਰਭ ਵਿੱਚ ਭਰੂਣ ਦੇ ਦਿਮਾਗ਼ ਦਾ ਵਿਕਾਸ ਹੋ ਰਿਹਾ ਹੁੰਦਾ ਹੈ ਤਾਂ ਟੈਸਟੋਸਟੀਰੋਂਨ ਅਤੇ ਐਸਟਰੋਜਨ ਵਰਗੇ ਹਾਰਮੋਨ ਇਹ ਤੈਅ ਕਰਦੇ ਹਨ ਕਿ ਦਿਮਾਗ਼ ਦੇ ਕਿਹੜੇ ਹਿੱਸੇ ਵਿੱਚ ਕਿੰਨਾ ਗ੍ਰੇ ਮੈਟਰ ਬਣੇਗਾ ਅਤੇ ਵਾਈਟ ਮੈਟਰ ਦੇ ਕੁਨੈਕਸ਼ਨ ਕਿਵੇਂ ਜੁੜਨਗੇ। ਜੇਕਰ ਉਸ ਸਮੇਂ ਦੌਰਾਨ ਗਰਭਵਤੀ ਔਰਤ ਦੇ ਤਣਾਅ ਜਾਂ ਕਿਸੇ ਹੋਰ ਕਾਰਨ ਕਰਕੇ ਹਾਰਮੋਨਾਂ ਦਾ ਸੰਤੁਲਨ ਬਦਲਦਾ ਹੈ ਤਾਂ ਇਹ ਦਿਮਾਗ਼ ਦੇ ਗ੍ਰੇ ਅਤੇ ਵਾਈਟ ਮੈਟਰ ਦੇ ਢਾਂਚੇ ਨੂੰ ਵੀ ਬਦਲ ਦਿੰਦਾ ਹੈ, ਜੋ ਕਿ ਅੱਗੇ ਚੱਲ ਕੇ ਵਿਅਕਤੀ ਦੀ ਅੰਦਰੂਨੀ ਲਿੰਗ ਪਛਾਣ ਨੂੰ ਪ੍ਰਭਾਵਿਤ ਕਰ ਸਕਦਾ ਹੈ।

ਇਸ ਵੱਡੀ ਖੋਜ ਤੋਂ ਇਹ ਸਾਹਮਣੇ ਆਇਆ ਕਿ ਟਰਾਂਸਜੈਂਡਰ ਵਿਅਕਤੀਆਂ ਦੇ ਦਿਮਾਗ਼ ਦੇ ਅੰਦਰੂਨੀ ਹਿੱਸਿਆਂ ਦੇ ਆਕਾਰ ਅਤੇ ਸਤ੍ਹਾ ਦੇ ਖੇਤਰਫਲ ਵਿੱਚ ਆਮ ਸਿਸਜੈਂਡਰ ਲੋਕਾਂ ਨਾਲੋਂ ਸਪੱਸ਼ਟ ਅਤੇ ਮਹੱਤਵਪੂਰਨ ਫ਼ਰਕ ਸਨ। ਉਨ੍ਹਾਂ ਦੇ ਦਿਮਾਗ਼ ਦੀ ਬਣਤਰ ਪੂਰੀ ਤਰ੍ਹਾਂ ਪੁਰਸ਼ਾਂ ਜਾਂ ਪੂਰੀ ਤਰ੍ਹਾਂ ਔਰਤਾਂ ਵਰਗੀ ਨਹੀਂ ਸੀ, ਬਲਕਿ ਉਨ੍ਹਾਂ ਦੇ ਦਿਮਾਗ਼ ਦੀ ਇੱਕ ਵੱਖਰੀ ਅਤੇ ਖ਼ਾਸ ਬਣਤਰ ਸੀ। ਇਹ ਬਣਤਰ ਉਨ੍ਹਾਂ ਦੀ ਲਿੰਗ ਪਛਾਣ ਦੇ ਜੈਵਿਕ ਆਧਾਰ ਨੂੰ ਦਰਸਾਉਂਦੀ ਹੈ।

2024 'ਚ ਇੱਕ ਹੋਰ ਬਹੁਤ ਮਹੱਤਵਪੂਰਨ ਅਧਿਐਨ 12 ਤੋਂ 17 ਸਾਲ ਦੇ ਉਨ੍ਹਾਂ ਕਿਸ਼ੋਰਾਂ 'ਤੇ ਕੀਤਾ ਗਿਆ, ਜਿਨ੍ਹਾਂ ਨੂੰ ਜੈਂਡਰ ਡਿਸਫ਼ੋਰੀਆ ਸੀ। ਜੈਂਡਰ ਡਿਸਫ਼ੋਰੀਆ ਉਹ ਮਾਨਸਿਕ ਅਤੇ ਭਾਵਨਾਤਮਕ ਪ੍ਰੇਸ਼ਾਨੀ ਹੈ, ਜਦੋਂ ਕੋਈ ਵਿਅਕਤੀ ਆਪਣੇ ਜਨਮ ਸਮੇਂ ਨਿਰਧਾਰਤ ਲਿੰਗ ਦਾ ਆਪਣੀ ਅੰਦਰੂਨੀ ਲਿੰਗ ਪਛਾਣ ਨਾਲ ਫ਼ਰਕ ਮਹਿਸੂਸ ਕਰਦਾ ਹੈ। ਇਨ੍ਹਾਂ ਖੋਜਾਂ ਵਿੱਚ ਵੇਖਿਆ ਗਿਆ ਕਿ ਆਮ ਸਿਸਜੈਂਡਰ ਮੁੰਡਿਆਂ ਵਿੱਚ ਦਿਮਾਗ਼ ਦੇ ਵਿਕਾਸ ਦੀ ਰਫ਼ਤਾਰ ਕੁੜੀਆਂ ਅਤੇ ਟਰਾਂਸਜੈਂਡਰ ਮੁੰਡਿਆਂ (ਜਨਮ ਸਮੇਂ ਕੁੜੀਆਂ) ਦੇ ਮੁਕਾਬਲੇ ਹੌਲੀ-ਹੌਲੀ ਅਤੇ ਵੱਖਰੇ ਤਰੀਕੇ ਨਾਲ ਹੁੰਦੀ ਹੈ। ਇੱਕ ਬਹੁਤ ਮਹੱਤਵਪੂਰਨ ਗੱਲ ਸਾਹਮਣੇ ਆਈ ਕਿ ਦਿਮਾਗ਼ ਦੇ ਇਹ ਹਿੱਸੇ ਸਿਰਫ਼ ਲਿੰਗ ਪਛਾਣ ਨਾਲ ਹੀ ਨਹੀਂ, ਬਲਕਿ ਜਿਨਸੀ ਝੁਕਾਅ ਅਤੇ ਸਰੀਰ ਦੇ ਕੁਦਰਤੀ ਐਸਟ੍ਰੋਜਨ ਹਾਰਮੋਨ ਦੇ ਪੱਧਰ ਨਾਲ ਵੀ ਬਹੁਤ ਗੁੰਝਲਦਾਰ ਤਰੀਕੇ ਨਾਲ ਜੁੜੇ ਹੋਏ ਹਨ। ਇਹ ਖੋਜ ਸਾਬਤ ਕਰਦੀ ਹੈ ਕਿ ਕਿਸ਼ੋਰ ਅਵਸਥਾ ਦੌਰਾਨ ਦਿਮਾਗ਼ ਦੀ ਬਣਤਰ 'ਤੇ ਕਈ ਜੈਵਿਕ ਕਾਰਕ ਇਕੱਠੇ ਕੰਮ ਕਰਦੇ ਹਨ।

ਇਨ੍ਹਾਂ ਸਾਰੀਆਂ ਖੋਜਾਂ ਤੋਂ ਇਹ ਸੰਕੇਤ ਮਿਲਦਾ ਹੈ ਕਿ ਮਨੁੱਖ ਦੀ ਲਿੰਗ ਪਛਾਣ ਦਾ ਦਿਮਾਗ਼ ਦੇ ਵਿਕਾਸ ਅਤੇ ਉਸ ਦੀ ਬਣਤਰ ਦੇ ਕੁਝ ਪੱਖਾਂ ਨਾਲ ਸੰਬੰਧ ਹੋ ਸਕਦਾ ਹੈ। ਕੁਝ ਅਧਿਐਨਾਂ ਵਿੱਚ ਟਰਾਂਸਜੈਂਡਰ ਵਿਅਕਤੀਆਂ ਦੇ ਦਿਮਾਗ਼ ਵਿੱਚ ਅਜਿਹੇ ਫ਼ਰਕ ਮਿਲੇ ਹਨ, ਜੋ ਲਿੰਗ ਪਛਾਣ ਦੇ ਸੰਭਾਵਿਤ ਜੈਵਿਕ ਆਧਾਰ ਵੱਲ ਇਸ਼ਾਰਾ ਕਰਦੇ ਹਨ, ਪਰ ਸਾਰੀਆਂ ਖੋਜਾਂ ਦੇ ਨਤੀਜੇ ਇੱਕੋ ਜਿਹੇ ਨਹੀਂ ਹਨ। ਅਜੇ ਤੱਕ ਦਿਮਾਗ਼ ਦਾ ਕੋਈ ਇੱਕ ਹਿੱਸਾ ਜਾਂ ਇੱਕੋ ਜਿਹਾ ਨਕਸ਼ਾ ਨਹੀਂ ਮਿਲਿਆ, ਜੋ ਕਿਸੇ ਵਿਅਕਤੀ ਦੀ ਲਿੰਗ ਪਛਾਣ ਨੂੰ ਪੂਰੀ ਤਰ੍ਹਾਂ ਤੈਅ ਕਰਦਾ ਹੋਵੇ। ਮੌਜੂਦਾ ਵਿਗਿਆਨ ਇਹ ਦਰਸਾਉਂਦਾ ਹੈ ਕਿ ਲਿੰਗ ਪਛਾਣ ਦਾ ਵਿਕਾਸ ਇੱਕ ਜਟਿਲ ਪ੍ਰਕਿਰਿਆ ਹੈ, ਜਿਸ ਵਿੱਚ ਜੀਨ, ਗਰਭ ਦੌਰਾਨ ਹਾਰਮੋਨ ਅਤੇ ਦਿਮਾਗ਼ ਦਾ ਵਿਕਾਸ ਆਪਸ ਵਿੱਚ ਮਿਲ ਕੇ ਭੂਮਿਕਾ ਨਿਭਾਅ ਸਕਦੇ ਹਨ। ਕਿਸ਼ੋਰ ਅਵਸਥਾ ਵਿੱਚ ਹਾਰਮੋਨਾਂ ਅਤੇ ਦਿਮਾਗ਼ ਦਾ ਤਾਲਮੇਲ ਇਹ ਦਰਸਾਉਂਦਾ ਹੈ ਕਿ ਲਿੰਗ ਪਛਾਣ ਮਨੁੱਖੀ ਜੀਵ ਵਿਗਿਆਨ ਦਾ ਇੱਕ ਅਨਿੱਖੜਵਾਂ ਤੇ ਕੁਦਰਤੀ ਹਿੱਸਾ ਹੈ।

ਜੇਕਰ ਲਿੰਗ ਪਛਾਣ ਦਾ ਦਿਮਾਗ਼ ਦੇ ਵਿਕਾਸ ਨਾਲ ਕੁਝ ਸੰਬੰਧ ਹੈ ਤਾਂ ਅਗਲਾ ਸਵਾਲ ਇਹ ਬਣਦਾ ਹੈ ਕਿ ਇਹ ਫ਼ਰਕ ਵਿਕਾਸ ਦੇ ਕਿਹੜੇ ਸਮੇਂ ਦੌਰਾਨ ਬਣ ਸਕਦੇ ਹਨ। ਇਸੇ ਕਾਰਨ ਵਿਗਿਆਨੀਆਂ ਨੇ ਗਰਭ ਦੌਰਾਨ ਬੱਚੇ ਦੇ ਦਿਮਾਗ਼ ਦੇ ਵਿਕਾਸ ਦੇ ਉਨ੍ਹਾਂ ਪੜਾਵਾਂ ਦਾ ਵੀ ਅਧਿਐਨ ਕੀਤਾ ਹੈ, ਜਦੋਂ ਕਿ ਬੱਚੇ ਦਾ ਵਿਕਸਿਤ ਹੋ ਰਿਹਾ ਦਿਮਾਗ਼ ਹਾਰਮੋਨਾਂ ਅਤੇ ਹੋਰ ਜੈਵਿਕ ਸੰਕੇਤਾਂ ਤੋਂ ਵੱਧ ਪ੍ਰਭਾਵਿਤ ਹੋ ਸਕਦਾ ਹੈ।

ਨਿਊਰੋ ਸਾਇੰਸ ਵਿੱਚ 'ਲਿੰਗ ਨਿਰਧਾਰਣ ਦਾ ਨਾਜ਼ੁਕ ਸਮਾਂ' ਗਰਭ ਅਵਸਥਾ ਦੌਰਾਨ ਆਉਣ ਵਾਲੇ ਉਸ ਖਾਸ ਵਕਫ਼ੇ ਨੂੰ ਕਿਹਾ ਜਾਂਦਾ ਹੈ, ਜਦੋਂ ਗਰਭ ਵਿੱਚ ਪਲ ਰਹੇ ਬੱਚੇ ਦੇ ਦਿਮਾਗ਼ ਦਾ ਲਿੰਗ ਅਧਾਰਿਤ ਵਿਕਾਸ ਹੁੰਦਾ ਹੈ। ਪ੍ਰਸਿੱਧ ਨਿਊਰੋ ਬਾਇਓਲੌਜਿਸਟ ਪ੍ਰੋ. ਡਿਕ ਸਵਾਬ ਦੇ ਅਧਿਐਨਾਂ ਮੁਤਾਬਿਕ ਮਨੁੱਖੀ ਸਰੀਰ ਦੇ ਬਾਹਰੀ ਜਣਨ ਅੰਗਾਂ ਦੇ ਬਣਨ ਅਤੇ ਦਿਮਾਗ਼ ਅੰਦਰ ਲਿੰਗ ਪਛਾਣ ਦੇ ਤੈਅ ਹੋਣ ਦਾ ਸਮਾਂ ਵੱਖ-ਵੱਖ ਹੁੰਦਾ ਹੈ।

ਗਰਭ ਦੇ ਪਹਿਲੇ ਅੱਠ ਹਫ਼ਤਿਆਂ ਦੌਰਾਨ ਬੱਚੇ ਦੇ ਬਾਹਰੀ ਜਣਨ ਅੰਗ ਬਣਦੇ ਹਨ। ਇਸ ਨਾਲ ਬੱਚੇ ਦਾ ਜੈਵਿਕ ਲਿੰਗ ਤੈਅ ਹੁੰਦਾ ਹੈ। ਗਰਭ ਅਵਸਥਾ ਦੇ ਅਗਲੇ ਪੜਾਅ ਭਾਵ ਬਾਰ੍ਹਵੇਂ ਤੋਂ ਚੌਵੀਵੇਂ ਹਫ਼ਤੇ ਦੌਰਾਨ ਦਿਮਾਗ਼ ਦਾ ਲਿੰਗ ਅਧਾਰਿਤ ਵਿਕਾਸ ਸ਼ੁਰੂ ਹੁੰਦਾ ਹੈ। ਇਸ ਸਮੇਂ ਨੂੰ ਨਾਜ਼ੁਕ ਸਮਾਂ ਕਿਹਾ ਜਾਂਦਾ ਹੈ। ਇਸ ਸਮੇਂ ਦੌਰਾਨ ਦਿਮਾਗ਼ ਵਿੱਚ ਇਹ ਪ੍ਰੋਗਰਾਮਿੰਗ ਹੁੰਦੀ ਹੈ ਕਿ ਵਿਅਕਤੀ ਅੰਦਰੋਂ ਆਪਣੇ-ਆਪ ਨੂੰ ਪੁਰਸ਼ ਮਹਿਸੂਸ ਕਰੇਗਾ ਜਾਂ ਇਸਤਰੀ। ਗਰਭ ਅੰਦਰ ਚੱਲ ਰਹੀ ਇਸ ਪ੍ਰਕਿਰਿਆ ਨੂੰ ਮੁੱਖ ਤੌਰ 'ਤੇ ਹਾਰਮੋਨ ਚਲਾਉਂਦੇ ਹਨ। ਜੇਕਰ ਇਸ ਸਮੇਂ ਦੌਰਾਨ ਬੱਚੇ ਦੇ ਦਿਮਾਗ਼ ਨੂੰ ਟੈਸਟੋਸਟੀਰੋਂਨ ਹਾਰਮੋਨ ਦਾ ਪ੍ਰਵਾਹ ਮਿਲਦਾ ਹੈ ਤਾਂ ਦਿਮਾਗ਼ ਦੇ ਸੈੱਲ ਅਤੇ ਨੈੱਟਵਰਕ 'ਪੁਰਸ਼' ਲਿੰਗ ਪਛਾਣ ਵੱਲ ਵਿਕਸਿਤ ਹੋ ਜਾਂਦੇ ਹਨ। ਜੇਕਰ ਇਸ ਸਮੇਂ ਦੌਰਾਨ ਦਿਮਾਗ਼ ਨੂੰ ਟੈਸਟੋਸਟੀਰੋਂਨ ਦਾ ਸੰਕੇਤ ਨਹੀਂ ਮਿਲਦਾ ਤਾਂ ਦਿਮਾਗ਼ ਕੁਦਰਤੀ ਤੌਰ 'ਤੇ 'ਇਸਤਰੀ' ਲਿੰਗ ਪਛਾਣ ਵੱਲ ਵਿਕਸਿਤ ਹੁੰਦਾ ਹੈ।

ਨਿਊਰੋ ਸਾਇੰਸ ਅਨੁਸਾਰ ਜੇਕਰ ਇਸ ਨਾਜ਼ੁਕ ਸਮੇਂ ਦੌਰਾਨ ਗਰਭ ਦੇ ਅੰਦਰੂਨੀ ਵਾਤਾਵਰਣ ਵਿੱਚ ਕੋਈ ਕੁਦਰਤੀ ਜਾਂ ਜੈਵਿਕ ਬਦਲਾਅ ਆ ਜਾਵੇ ਤਾਂ ਦਿਮਾਗ਼ ਨੂੰ ਮਿਲਣ ਵਾਲੇ ਹਾਰਮੋਨਾਂ ਦੇ ਸੰਕੇਤ ਬਦਲ ਜਾਂਦੇ ਹਨ। ਇਹ ਬਦਲਾਅ ਮਾਂ, ਭਰੂਣ ਅਤੇ ਪਲੇਸੈਂਟਾ (ਨਾੜੂਏ) ਵਿਚਕਾਰ ਹੋਣ ਵਾਲੇ ਹਾਰਮੋਨ ਸੰਬੰਧੀ ਉਤਾਰ-ਚੜ੍ਹਾਅ ਕਾਰਨ ਹੋ ਸਕਦੇ ਹਨ। ਉਦਾਹਰਣ ਵਜੋਂ ਜੇਕਰ ਭਰੂਣ ਦੇ ਜਣਨ ਅੰਗ ਪੁਰਸ਼ ਵਾਲੇ ਬਣੇ ਸਨ, ਅਤੇ ਜੇਕਰ ਗਰਭ ਦੇ ਅਗਲੇ ਮਹੀਨਿਆਂ ਵਿੱਚ ਉਸ ਦੇ ਦਿਮਾਗ਼ ਨੂੰ ਟੈਸਟੋਸਟੀਰੋਂਨ ਹਾਰਮੋਨ ਦਾ ਸਿਗਨਲ ਨਾ ਮਿਲੇ ਤਾਂ ਉਸ ਦੇ ਦਿਮਾਗ਼ ਦੇ ਹਾਰਮੋਨ ਇੱਕ ਵੱਖਰੀ ਦਿਸ਼ਾ ਵੱਲ ਵਿਕਸਿਤ ਹੋ ਜਾਂਦੇ ਹਨ। ਜਦੋਂ ਉਹ ਬੱਚਾ ਜਨਮ ਲੈਂਦਾ ਹੈ ਤਾ ਉਸ ਦੇ ਬਾਹਰੀ ਜਣਨ ਅੰਗ ਤਾਂ ਪੁਰਸ਼ ਵਾਲੇ ਹੁੰਦੇ ਹਨ, ਪਰ ਉਸ ਦੀ ਅੰਦਰੂਨੀ ਦਿਮਾਗ਼ੀ ਪ੍ਰੋਗਰਾਮਿੰਗ ਭਾਵ ਲਿੰਗ ਪਛਾਣ ਇਸਤਰੀ ਦੇ ਤੌਰ 'ਤੇ ਹੁੰਦੀ ਹੈ। ਅਜਿਹੀ ਸਥਿਤੀ ਨੂੰ ਟਰਾਂਸਜੈਂਡਰ ਪਛਾਣ ਵਜੋਂ ਜਾਣਿਆ ਜਾਂਦਾ ਹੈ। ਅਜਿਹਾ ਕੋਈ ਵਿਗਿਆਨਕ ਸੰਕੇਤ ਨਹੀਂ ਮਿਲਦਾ ਕਿ ਜਨਮ ਤੋਂ ਬਾਅਦ ਦਾ ਸਮਾਜਿਕ ਮਾਹੌਲ ਜਾਂ ਪਰਵਰਿਸ਼ ਵਿਅਕਤੀ ਦੀ ਬੁਨਿਆਦੀ ਲਿੰਗ ਪਛਾਣ ਜਾਂ ਜਿਨਸੀ ਰੁਝਾਨ ਨੂੰ ਬਦਲ ਸਕਦੀ ਹੈ।

ਹਾਲਾਂਕਿ ਆਧੁਨਿਕ ਵਿਗਿਆਨ ਇਹ ਵੀ ਸਪੱਸ਼ਟ ਕਰਦਾ ਹੈ ਕਿ ਟਰਾਂਸਜੈਂਡਰ ਵਿਅਕਤੀ ਦਾ ਦਿਮਾਗ਼ ਕੋਈ ਸਿੱਧਾ "ਪੁਰਸ਼ ਸਰੀਰ+ਔਰਤ ਦਿਮਾਗ਼" ਵਰਗਾ ਸਧਾਰਨ ਫਾਰਮੂਲਾ ਨਹੀਂ ਹੁੰਦਾ, ਬਲਕਿ ਉਨ੍ਹਾਂ ਦੇ ਦਿਮਾਗ਼ ਵਿੱਚ ਆਪਣੀ ਇੱਕ ਵੱਖਰੀ ਤੇ ਵਿਲੱਖਣ ਬਣਤਰ ਹੁੰਦੀ ਹੈ। ਦਿਮਾਗ਼ ਦਾ ਵਿਕਾਸ ਗਰਭ ਦੇ ਅੰਦਰ ਹੀ ਖ਼ਤਮ ਨਹੀਂ ਹੋ ਜਾਂਦਾ, ਬਲਕਿ ਜਨਮ ਤੋਂ ਬਾਅਦ ਵੀ ਲਗਾਤਾਰ ਚੱਲਦਾ ਰਹਿੰਦਾ ਹੈ। ਜਿੱਥੇ ਗਰਭ ਦੇ ਹਾਰਮੋਨ ਦਿਮਾਗ਼ ਦੀ ਬੁਨਿਆਦੀ ਬਣਤਰ ਤੈਅ ਕਰਦੇ ਹਨ, ਉਥੇ ਜਨਮ ਤੋਂ ਬਾਅਦ ਦਾ ਵਾਤਾਵਰਣ, ਸਮਾਜਿਕ ਤਜਰਬੇ ਅਤੇ ਬਾਹਰੀ ਪ੍ਰਭਾਵਾਂ ਕਰਕੇ ਜੀਨਾਂ 'ਚ ਆਏ ਬਦਲਾਅ ਦਿਮਾਗ਼ ਦੇ ਵਾਈਟ ਮੈਟਰ ਦੇ ਨੈੱਟਵਰਕ ਨੂੰ ਹੋਰ ਪਰਿਪੱਕ ਬਣਾਉਣ ਵਿੱਚ ਮਦਦ ਕਰਦੇ ਹਨ। ਇਸ ਲਈ ਲਿੰਗ ਪਛਾਣ ਦਾ ਵਿਕਾਸ ਇੱਕ ਬਹੁਤ ਹੀ ਜਟਿਲ ਪ੍ਰਕਿਰਿਆ ਹੈ, ਜਿਸ ਵਿੱਚ ਜੀਨ, ਗਰਭ ਦੌਰਾਨ ਹਾਰਮੋਨਾਂ ਦਾ ਪ੍ਰਵਾਹ ਅਤੇ ਜਨਮ ਤੋਂ ਬਾਅਦ ਦਾ ਦਿਮਾਗ਼ੀ ਵਿਕਾਸ ਸਭ ਮਿਲ ਕੇ ਭੂਮਿਕਾ ਨਿਭਾਉਂਦੇ ਹਨ।

ਦਿਮਾਗ਼ ਦੇ ਵਿਕਾਸ ਅਤੇ ਜਣੇਪੇ ਤੋਂ ਪਹਿਲਾਂ ਦੇ ਹਾਰਮੋਨਾਂ ਨਾਲ ਸੰਬੰਧਤ ਇਨ੍ਹਾਂ ਖੋਜਾਂ ਤੋਂ ਇੱਕ ਹੋਰ ਮਹੱਤਵਪੂਰਨ ਸਵਾਲ ਪੈਦਾ ਹੁੰਦਾ ਹੈ ਕਿ ਗਰਭ ਅਵਸਥਾ ਦੌਰਾਨ ਬੱਚੇ ਦੇ ਸਰੀਰ ਅਤੇ ਦਿਮਾਗ਼ ਦੇ ਵਿਕਾਸ ਲਈ ਲੋੜੀਂਦਾ ਜੈਵਿਕ ਅਤੇ ਹਾਰਮੋਨ ਸੰਬੰਧੀ ਵਾਤਾਵਰਣ ਕਿਵੇਂ ਬਣਦਾ ਅਤੇ ਨਿਯੰਤਰਿਤ ਹੁੰਦਾ ਹੈ। ਗਰਭ ਵਿੱਚ ਪਲ ਰਹੇ ਬੱਚੇ ਦਾ ਵਿਕਾਸ ਸਿਰਫ਼ ਉਸ ਦੇ ਆਪਣੇ ਜੀਨਾਂ ਅਤੇ ਹਾਰਮੋਨਾਂ 'ਤੇ ਹੀ ਨਿਰਭਰ ਨਹੀਂ ਹੁੰਦਾ, ਮਾਂ ਅਤੇ ਬੱਚੇ ਵਿਚਕਾਰ ਹੋਣ ਵਾਲਾ ਪੋਸ਼ਣ ਅਤੇ ਹਾਰਮੋਨਾਂ ਦਾ ਅਦਾਨ-ਪ੍ਰਦਾਨ ਵੀ ਇਸ ਪ੍ਰਕਿਰਿਆ ਦਾ ਅਹਿਮ ਹਿੱਸਾ ਹੈ।

ਇਸ ਪੂਰੇ ਤਾਲਮੇਲ ਵਿੱਚ ਪਲੈਸੈਂਟਾ ਇੱਕ ਮੁੱਖ ਭੂਮਿਕਾ ਨਿਭਾਉਂਦਾ ਹੈ, ਜੋ ਕਿ ਮਾਂ ਅਤੇ ਵਿਕਸਿਤ ਹੋ ਰਹੇ ਬੱਚੇ ਵਿਚਕਾਰ ਇੱਕ ਸਰਗਰਮ ਜੈਵਿਕ ਕੜੀ ਵਜੋਂ ਕੰਮ ਕਰਦਾ ਹੈ। ਗਰਭ ਅਵਸਥਾ ਦੌਰਾਨ ਬੱਚੇਦਾਨੀ ਵਿੱਚ ਇੱਕ ਅਸਥਾਈ ਅੰਗ ਪਲੈਸੈਂਟਾ ਭਾਵ ਨਾੜੂਆ ਵਿਕਸਤ ਹੁੰਦਾ ਹੈ। ਇਹ ਵਿਕਾਸਸ਼ੀਲ ਭਰੂਣ ਨੂੰ ਬੱਚੇਦਾਨੀ ਦੀ ਕੰਧ ਨਾਲ ਜੋੜਦਾ ਹੈ, ਭਾਵ ਮਾਂ ਅਤੇ ਬੱਚੇ ਵਿਚਕਾਰ ਪੁਲ ਵਾਂਗ ਕੰਮ ਕਰਦਾ ਹੈ। ਪਲੈਸੈਂਟਾ ਰਾਹੀਂ ਭਰੂਣ ਤੱਕ ਆਕਸੀਜਨ ਅਤੇ ਪੋਸ਼ਕ ਤੱਤ ਪਹੁੰਚਦੇ ਹਨ ਅਤੇ ਭਰੂਣ ਵਿੱਚ ਬਣਨ ਵਾਲੇ ਫ਼ਾਲਤੂ ਪਦਾਰਥ ਵਾਪਸ ਮਾਂ ਦੇ ਸਰੀਰ ਵੱਲ ਜਾਂਦੇ ਹਨ। ਇੰਝ ਪਲੈਸੈਂਟਾ ਸਿਰਫ਼ ਖੁਰਾਕ ਪਹੁੰਚਾਉਣ ਵਾਲਾ ਅੰਗ ਨਹੀਂ, ਸਗੋਂ ਗਰਭਕਾਲੀ ਵਿਕਾਸ ਨੂੰ ਨਿਯੰਤਰਿਤ ਕਰਨ ਵਾਲੀ ਇੱਕ ਸਰਗਰਮ ਜੈਵਿਕ ਪ੍ਰਣਾਲੀ ਹੈ। ਪਲੈਸੈਂਟਾ ਗਰਭ ਵਿੱਚ ਬੱਚੇ ਦੇ ਵਾਧੇ, ਉਸ ਤੱਕ ਪੋਸ਼ਕ ਤੱਤ ਪਹੁੰਚਾਉਣ ਅਤੇ ਗਰਭ ਦੌਰਾਨ ਹਾਰਮੋਨਾਂ ਦਾ ਸੰਤੁਲਿਤ ਮਾਹੌਲ ਬਣਾਈ ਰੱਖਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।

ਕਈ ਵਾਰ ਪਲੈਸੈਂਟਾ ਦਾ ਕੁਨੈਕਸ਼ਨ ਬੱਚੇਦਾਨੀ ਨਾਲ ਸਹੀ ਜੁੜਿਆ ਨਹੀਂ ਹੁੰਦਾ। ਜੇਕਰ ਖਰਾਬ ਕੁਨੈਕਸ਼ਨ, ਜੈਨੇਟਿਕ ਨੁਕਸ, ਮਾਂ ਦੇ ਬਹੁਤ ਜ਼ਿਆਦਾ ਮਾਨਸਿਕ ਤਣਾਅ ਜਾਂ ਕਿਸੇ ਹੋਰ ਰੁਕਾਵਟ ਕਰਕੇ ਹਾਰਮੋਨਾਂ ਦਾ ਕੁਦਰਤੀ ਸੰਤੁਲਨ ਵਿਗੜ ਜਾਵੇ ਤਾਂ ਭਰੂਣ ਦੇ ਦਿਮਾਗ਼ ਤੱਕ (ਹਾਰਮੋਨਾਂ ਦੇ) ਪਹੁੰਚਣ ਵਾਲੇ ਸੰਕੇਤ ਬਦਲ ਜਾਂਦੇ ਹਨ। ਅਜਿਹੀ ਸਥਿਤੀ ਵਿੱਚ ਭਾਵੇਂ ਸਰੀਰਕ ਤੌਰ 'ਤੇ ਨਰ ਅੰਗਾਂ ਨਾਲ ਵਿਕਸਿਤ ਹੋ ਰਿਹਾ ਹੋਵੇ, ਪਰ ਉਸ ਦੇ ਦਿਮਾਗ਼ ਦੇ ਹਾਰਮੋਨ ਇੱਕ ਵੱਖਰੀ ਦਿਸ਼ਾ ਵੱਲ ਵਿਕਸਿਤ ਹੋ ਜਾਂਦੇ ਹਨ। ਆਧੁਨਿਕ ਨਿਊਰੋ ਸਾਇੰਸ ਇਹ ਸਪੱਸ਼ਟ ਕਰਦੀ ਹੈ ਕਿ ਇਹ ਬਦਲਾਅ ਦਿਮਾਗ਼ ਨੂੰ ਪੂਰੀ ਤਰ੍ਹਾਂ ਮਾਦਾ ਦਿਮਾਗ਼ ਵਿੱਚ ਨਹੀਂ ਬਦਲਦਾ, ਬਲਕਿ ਦਿਮਾਗ਼ ਦੇ ਵਾਈਟ ਅਤੇ ਗ੍ਰੇ ਮੈਟਰ ਦੇ ਨੈੱਟਵਰਕ


ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਔਰਤ-ਵਿਰੋਧ ਨੂੰ ਆਮ ਵਰਤਾਰਾ ਨਹੀਂ ਬਣਨ ਦਿੱਤਾ ਜਾ ਸਕਦਾ

**ਸੁਕੀਰਤ**

ਕੋਈ ਮੌਜੂਦਾ ਹਕੂਮਤ ਦੇ ਪੱਖ ਵਿੱਚ ਹੋ ਸਕਦਾ ਹੈ ਜਾਂ ਇਸ ਦੇ ਵਿਰੋਧ ਵਿੱਚ, ਪਰ ਇਸ ਗੱਲੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਭਾਰਤੀ ਸਮਾਜ ਅੱਜ ਡੂੰਘੇ ਅਤੇ ਕਰੜੇ ਧਰੁਵੀਕਰਨ ਦੀ ਜਕੜ ਵਿੱਚ ਹੈ। ਇਹ ਵੰਡ ਇੰਨੀ ਡੂੰਘੀ ਹੋ ਚੁੱਕੀ ਹੈ ਕਿ ਬਹੁਤੇ ਲੋਕ ਹੁਣ ਸਮਾਜਕ ਮਿਲਣੀ-ਬੈਠਣੀ ਦੌਰਾਨ ਆਪਣੇ ਵਿਚਾਰ ਪਰਗਟ ਕਰਨ ਤੋਂ ਝਿਜਕਦੇ ਹਨ, ਇਸ ਡਰੋਂ ਕਿ ਕਿਤੇ ਦੂਜੇ ਪਾਸੇ ਵਾਲਾ ਕੋਈ ਨਾਰਾਜ਼ ਨਾ ਹੋ ਜਾਵੇ। ਵਿਆਹ-ਸ਼ਾਦੀ ਦਾ ਸਮਾਗਮ ਹੋਵੇ, ਕੋਈ ਸਮਾਜਕ ਮਿਲਣੀ ਹੋਵੇ, ਜਾਂ ਕੋਈ ਸਫ਼ਰੀ ਗੁਫ਼ਤਗੂ-ਹਰ ਗੱਲਬਾਤ ਬਾਰੂਦੀ ਬਹਿਸ ਵਿੱਚ ਤਬਦੀਲ ਹੋ ਸਕਦੀ ਹੈ। ਅਸੀਂ ਮੌਸਮ, ਕ੍ਰਿਕਟ ਅਤੇ ਸਬਜ਼ੀਆਂ ਦੇ ਭਾਅ 'ਤੇ ਗੱਲਾਂ ਕਰਦੇ ਹਾਂ, ਪਰ ਹਰ ਉਸ ਮੁੱਦੇ 'ਤੇ ਚੁੱਪ ਵੱਟ ਲੈਂਦੇ ਹਾਂ ਜੋ ਅਸਲ ਵਿੱਚ ਮਹੱਤਵ ਰੱਖਦਾ ਹੈ।

ਪਿਛਲੇ ਬਾਰ੍ਹਾਂ ਸਾਲਾਂ ਤੋਂ ਇਹ ਵੰਡ ਸਿਆਸੀ ਹੋਣ ਦੇ ਨਾਲ-ਨਾਲ ਧਾਰਮਕ ਵੀ ਰਹੀ ਹੈ। ਨੀਤੀਆਂ ਬਾਰੇ ਅਸਹਿਮਤੀ ਹੁਣ ਪੂਰੇ ਦੇ ਪੂਰੇ ਭਾਈਚਾਰਿਆਂ ਪ੍ਰਤੀ ਸ਼ੱਕ ਅਤੇ ਬੇਭਰੋਸਗੀ ਵਿੱਚ ਬਦਲ ਚੁੱਕੀ ਹੈ। ਇਹ ਸਭ ਸੋਸ਼ਲ ਮੀਡੀਆ 'ਤੇ ਸਭ ਤੋਂ ਵੱਧ ਪ੍ਰਤੱਖ ਦਿਸਦਾ ਹੈ, ਜਿੱਥੇ ਗੁਮਨਾਮੀ ਦੀ ਆੜ ਵਿਚ ਆਹਮੋ-ਸਾਹਮਣੇ ਹੋਏ ਬਿਨਾਂ ਹੋਣ ਵਾਲਾ ਸੰਵਾਦ ਲੋਕਾਂ ਨੂੰ ਉਹ ਕੁਝ ਵੀ ਕਹਿਣ ਦੀ ਖੁੱਲ੍ਹ ਦਿੰਦਾ ਹੈ, ਜੋ ਉਹ ਕਦੇ ਸਾਹਮਣੇ ਬਹਿ ਕੇ ਕਹਿਣ ਦੀ ਹਿੰਮਤ ਨਹੀਂ ਕਰ ਸਕਦੇ। ਬਹੁਤ ਸਾਰੇ ਲੋਕ ਸਿਰਫ਼ ਅਸਹਿਮਤੀ ਹੀ ਨਹੀਂ ਜਤਾਉਂਦੇ; ਉਹ ਖੁੱਲ੍ਹੇਆਮ ਭੱਦੀਆਂ ਤੇ ਜ਼ਹਿਰੀਲੀਆਂ ਗਾਲ੍ਹਾਂ 'ਤੇ ਉੱਤਰ ਆਉਂਦੇ ਹਨ। ਹਰ ਤਰ੍ਹਾਂ ਦਾ ਸੰਜਮ ਉੱਕਾ ਹੀ ਮੁੱਕ ਜਾਂਦਾ ਹੈ।

ਪਰ ਹੁਣ ਨੌਜਵਾਨਾਂ ਵੱਲੋਂ ਹਾਲ ਹੀ ਵਿੱਚ ਕੀਤੇ ਗਏ ਰੋਸ-ਮੁਜ਼ਾਹਰੇ ਸਮੇਂ ਸੋਸ਼ਲ ਮੀਡੀਆ ਦੀ ਵਰਤੋਂ ਵਿੱਚ ਆਏ ਇਕ ਤਿੱਖੇ ਬਦਲਾਅ ਦੀ ਗੱਲ ਕਰਨਾ ਜ਼ਰੂਰੀ ਹੈ। ਸਾਲਾਂਬੱਧੀ ਜਨਤਕ ਬਹਿਸਾਂ ਨੂੰ ਵੰਡਣ ਦਾ ਮੁੱਖ ਆਧਾਰ ਹਿੰਦੂ-ਮੁਸਲਿਮ ਧੁਰਾ ਰਿਹਾ। ਹੁਣ ਇਹ ਸਾਫ਼ ਜ਼ਾਹਰ ਹੈ ਕਿ ਇਹ ਧੁਰਾ ਨੌਜਵਾਨ ਪੀੜ੍ਹੀ ਨੂੰ ਵੰਡਣ ਵਿਚ ਪਹਿਲਾਂ ਵਾਂਗ ਕਾਰਗਰ ਸਾਬਤ ਨਹੀਂ ਹੋ ਰਿਹਾ। ਇਸ ਬਹਿਸ ਨੂੰ ਹੁਣ 'ਅਰਾਜਕਤਾਵਾਦੀਆਂ' ਅਤੇ 'ਯਥਾਸਥਿਤੀਵਾਦੀਆਂ' (ਯਾਨੀ ਕਿ ਉਹ ਲੋਕ ਜੋ ਮੌਜੂਦਾ ਹਕੂਮਤ ਦੇ ਨਾਲ ਖੜ੍ਹੇ ਹਨ) ਵਿਚਕਾਰਲੇ ਟਕਰਾਅ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਮੌਜੂਦਾ ਨਿਜ਼ਾਮ ਦੇ ਹਮਾਇਤੀ ਸੜਕਾਂ 'ਤੇ ਉਤਰੇ ਨੌਜਵਾਨਾਂ ਨੂੰ ਵਿਘਨ ਪਾਉਣ ਵਾਲੇ ਗਰਦਾਨ ਰਹੇ ਹਨ, ਅਤੇ ਪੁਰਾਣੀ ਫ਼ਿਰਕੂ ਸ਼ਬਦਾਵਲੀ ਹੁਣ ਇੱਕ ਨਵੀਂ ਬੋਲੀ ਲਈ ਰਾਹ ਪੱਧਰਾ ਕਰ ਰਹੀ ਹੈ।

ਇਸ ਨਵੀਂ ਸ਼ਬਦਾਵਲੀ ਨਾਲ ਇੱਕ ਬੇਹੱਦ ਨਿੰਦਣਯੋਗ ਰੁਝਾਨ ਸਾਹਮਣੇ ਆਇਆ ਹੈ। ਇਨ੍ਹਾਂ ਮੁਜ਼ਾਹਰਿਆਂ ਬਾਰੇ ਪੋਸਟਾਂ 'ਤੇ ਆਉਣ ਵਾਲੀਆਂ ਪ੍ਰਤੀਕਿਰਿਆਵਾਂ ਵਿੱਚ ਦਿਸਣ ਵਾਲਾ ਗਾਲ੍ਹਾਂ ਕੱਢਣ ਦਾ ਲਹਿਜਾ ਲਗਾਤਾਰ ਲਿੰਗਕ ਤੌਰ 'ਤੇ ਵਧੇਰੇ ਹਿੰਸਕ ਅਤੇ ਔਰਤ-ਵਿਰੋਧੀ ਹੁੰਦਾ ਜਾ ਰਿਹਾ ਹੈ। ਸੱਜੇ-ਪੱਖੀ ਟਿੱਪਣੀਕਾਰਾਂ ਦੀਆਂ ਟਿੱਪਣੀਆਂ ਵਿੱਚ ਇਹ ਲਹਿਜਾ ਹਮੇਸ਼ਾ ਤੋਂ ਮੌਜੂਦ ਸੀ, ਪਰ ਪਹਿਲਾਂ ਇਸ ਦਾ ਮੁੱਖ ਮਕਸਦ ਕਿਸੇ ਇੱਕ ਧਰਮ ਨੂੰ ਨੀਵਾਂ ਦਿਖਾਉਣਾ ਹੁੰਦਾ ਸੀ। ਔਰਤਾਂ ਨੂੰ ਗਾਲ੍ਹਾਂ ਜ਼ਿਆਦਾਤਰ ਇੱਕ ਭਾਈਚਾਰੇ ਨੂੰ ਨਿਸ਼ਾਨਾ ਬਣਾਉਣ ਦੇ ਸਾਧਨ ਵਜੋਂ ਕੱਢੀਆਂ ਜਾਂਦੀਆਂ ਸਨ। ਉਦੋਂ ਔਰਤ-ਵਿਰੋਧ (ਮਿਸੌਜਨੀ) ਫ਼ਿਰਕੂ ਨਫ਼ਰਤ ਦੇ ਪ੍ਰਗਟਾਵੇ ਦਾ ਹੀ ਇਕ ਹੋਰ ਢੰਗ ਸੀ।

ਹੁਣ ਇਸ ਦਾ ਸੁਰ ਬਦਲ ਰਿਹਾ ਹੈ ਅਤੇ ਇਹ ਤਬਦੀਲੀ ਸਾਨੂੰ ਇੱਕ ਅਸੁਖਾਵੀਂ ਸੱਚਾਈ ਤੋਂ ਜਾਣੂ ਕਰਵਾਉਂਦੀ ਹੈ। ਨੇਹਾ ਬੋਰਾ ਸਮੇਤ ਬਹੁਤ ਸਾਰੀਆਂ ਔਰਤਾਂ ਹੁਣ ਨੌਜਵਾਨਾਂ ਦੇ ਰੋਸ-ਮੁਜ਼ਾਹਰਿਆਂ ਦੀ ਮੋਹਰੀ ਕਤਾਰ ਵਿੱਚ ਹਨ, ਅਤੇ ਉਹ ਘੱਟ-ਗਿਣਤੀ ਭਾਈਚਾਰੇ ਨਾਲ ਸੰਬੰਧ ਨਹੀਂ ਰੱਖਦੀਆਂ। ਇਸ ਲਈ ਗਾਲ੍ਹਾਂ ਕੱਢਣ ਵਾਲਿਆਂ ਲਈ ਪੁਰਾਣਾ ਧਰਮ ਅਧਾਰਤ ਨਿਸ਼ਾਨਾ ਹੁਣ ਕਾਰਗਰ ਨਹੀਂ ਰਿਹਾ। ਧਰਮ ਦਾ ਬਹਾਨਾ ਨਾ ਮਿਲਣ ਕਾਰਨ ਇਸ ਦੁਸ਼ਮਣੀ ਨੇ ਇੱਕ ਨਵਾਂ ਹੱਥਕੰਡਾ ਲੱਭ ਲਿਆ ਹੈ, ਅਤੇ ਇਹ ਪੂਰੀ ਤਰ੍ਹਾਂ ਨਾਲ ਔਰਤਾਂ ਨਾਲ ਸਿਰਫ਼ ਔਰਤ ਹੋਣ ਨਾਤੇ ਨਫ਼ਰਤ ਵਿੱਚ ਬਦਲ ਗਿਆ ਹੈ। ਹੁਣ ਗਾਲ੍ਹਾਂ ਇਸ ਆਧਾਰ 'ਤੇ ਨਹੀਂ ਕੱਢੀਆਂ ਜਾ ਰਹੀਆਂ ਕਿ ਉਸ ਦੀ ਮਜ਼ਹਬੀ ਪਛਾਣ ਕੀ ਹੈ; ਸਗੋਂ ਇਸ ਗੱਲ 'ਤੇ ਕੱਢੀਆਂ ਜਾ ਰਹੀਆਂ ਹਨ ਕਿ ਉਹ ਇੱਕ ਔਰਤ ਹੈ ਜੋ ਕਿਸੇ ਜਨਤਕ ਪਿੜ ਵਿੱਚ ਖੜ੍ਹੋ ਕੇ ਆਪਣੀ ਆਵਾਜ਼ ਬੁਲੰਦ ਕਰਨ ਦੀ ਹਿਮਾਕਤ ਕਰ ਰਹੀ ਹੈ।

ਇਸ ਦੇ ਨਤੀਜੇ ਬੇਹੱਦ ਘਿਣਾਉਣੇ ਹਨ। ਕੋਈ ਵੀ ਖ਼ਬਰ ਜਾਂ ਰੀਲ, ਜਿਸ ਵਿੱਚ ਔਰਤ ਪ੍ਰਦਰਸ਼ਨਕਾਰੀਆਂ ਨੂੰ ਘਸੀਟਦਿਆਂ, ਕੁੱਟਦਿਆਂ ਜਾਂ ਅਣਉਚਿਤ ਢੰਗ ਨਾਲ ਛੋਂਹਦਿਆਂ ਦਿਖਾਇਆ ਗਿਆ ਹੋਵੇ, ਹਕੂਮਤ-ਪੱਖੀ ਕਈ ਹੈਂਡਲਾਂ ਵੱਲੋਂ ਖ਼ੁਸ਼ੀ ਦੇ ਪ੍ਰਗਟਾਵੇ ਨਾਲ ਪਰਚਾਰੀ ਜਾਂਦੀ ਹੈ। ਇਸ ਜਸ਼ਨਬਾਜ਼ੀ ਦੇ ਨਾਲ ਵਰਤੀ ਜਾਣ ਵਾਲੀ ਭਾਸ਼ਾ ਇਤਰਾਜ਼ਯੋਗ ਅਤੇ ਬਿਲਕੁਲ ਔਰਤ-ਵਿਰੋਧੀ ਹੁੰਦੀ ਹੈ। ਵਰਦੀਧਾਰੀ ਮਰਦਾਂ ਵੱਲੋਂ ਕਿਸੇ ਔਰਤ ਨਾਲ ਕੀਤੀ ਜਾ ਰਹੀ ਬਦਸਲੂਕੀ ਤਾੜੀਆਂ ਮਾਰ ਦੇਖਣ ਵਾਲਾ ਤਮਾਸ਼ਾ ਨਹੀਂ, ਇਹ ਹਿੰਸਕ ਕਾਰਾ ਹੈ, ਅਤੇ ਇਸ ਨੂੰ ਮਨੋਰੰਜਨ ਸਮਝ ਲੈਣਾ ਇਹ ਦਰਸਾਉਂਦਾ ਹੈ ਕਿ ਇਹ ਗੰਦਗੀ ਸਮਾਜ ਵਿੱਚ ਕਿੰਨੀ ਡੂੰਘੀ ਫੈਲ ਚੁੱਕੀ ਹੈ। ਜੋ ਲੋਕ ਅਜਿਹੀਆਂ ਵੀਡੀਓਜ਼ ਸਾਂਝੀਆਂ ਕਰਦੇ ਅਤੇ ਉਨ੍ਹਾਂ ਦਾ ਆਨੰਦ ਮਾਣਦੇ ਹਨ, ਉਹ ਸਿਰਫ਼ ਆਪਣੀ ਸਿਆਸੀ ਦਲੀਲ ਦਾ ਪ੍ਰਗਟਾਵਾ ਨਹੀਂ ਕਰ ਰਹੇ, ਉਹ ਅਸਲ ਵਿੱਚ ਇਹ ਕਹਿ ਰਹੇ ਹਨ ਕਿ ਜਿਹੜੀ ਔਰਤ ਉਨ੍ਹਾਂ ਰਾਹੀਂ ਮਿੱਥੇ ਹੋਏ ਦਾਇਰੇ ਵਿੱਚੋਂ ਬਾਹਰ ਕਦਮ ਰੱਖੇਗੀ, ਉਸ ਨੂੰ ਲੋੜ ਪੈਣ 'ਤੇ ਜ਼ਬਰਦਸਤੀ ਵਾਪਸ ਉਸੇ ਦਾਇਰੇ ਵਿੱਚ ਧੱਕ ਦਿੱਤਾ ਜਾਣਾ ਵਾਜਬ ਹੈ।

ਸਾਨੂੰ ਉਸ ਜ਼ਮੀਨੀ ਹਕੀਕਤ ਨੂੰ ਵੀ ਬੇਬਾਕੀ ਨਾਲ ਕਬੂਲਣਾ ਪਵੇਗਾ ਜਿਸ ਵਿੱਚ ਇਹ ਸੋਚ ਪਲਦੀ ਹੈ। ਸਾਡਾ ਸਮਾਜ ਪਹਿਲਾਂ ਹੀ ਇੱਕ ਅਤਿ-ਮਰਦਊ (ਮਰਦ-ਪ੍ਰਧਾਨ) ਸਮਾਜ ਤੁਰਿਆ ਆਂਦਾ ਹੈ। ਇੱਥੇ ਔਰਤਾਂ ਨੇ ਲੰਮੇ ਸਮੇਂ ਤੋਂ ਸੜਕਾਂ 'ਤੇ ਛੇੜਛਾੜ, ਘਰੇਲੂ ਹਿੰਸਾ, ਅਣਖ ਦੇ ਨਾਂਅ 'ਤੇ ਹਰ ਕਿਸਮ ਦੇ ਪਰਵਾਰਕ ਦਬਾਅ ਦਾ ਸਾਹਮਣਾ ਕੀਤਾ ਹੈ। ਔਰਤਾਂ ਦੀ ਹਰ ਪੀੜ੍ਹੀ ਨੂੰ ਇਨ੍ਹਾਂ ਬੰਦਸ਼ਾਂ ਖ਼ਿਲਾਫ਼ ਲੜਨਾ ਪਿਆ ਹੈ, ਅਤੇ ਜੋ ਕੁਝ ਵੀ ਹਾਸਲ ਕੀਤਾ ਗਿਆ ਹੈ, ਉਹ ਲੰਮੀ ਜੱਦੋਜਹਿਦ ਮਗਰੋਂ ਭਾਰੀ ਕੀਮਤ ਚੁਕਾ ਕੇ ਹਾਸਲ ਹੋਇਆ ਹੈ। ਅਜਿਹੇ ਸਮਾਜ ਵਿੱਚ, ਔਰਤ ਪ੍ਰਦਰਸ਼ਨਕਾਰੀਆਂ ਵਿਰੁੱਧ ਇੰਟਰਨੈੱਟ ਉਤੇ ਹਿੰਸਾ ਦੇ ਜਨਤਕ ਜਸ਼ਨ ਨੂੰ ਅਣਗੌਲਿਆਂ ਨਹੀਂ ਕੀਤਾ ਜਾ ਸਕਦਾ। ਇਹ ਪਹਿਲਾਂ ਹੀ ਔਰਤਾਂ ਨੂੰ ਆਸਾਨ ਨਿਸ਼ਾਨਾ ਸਮਝਣ ਵਾਲੇ ਹਰ ਉਸ ਮਰਦ ਨੂੰ ਗ਼ਲਤ ਸੁਨੇਹਾ ਦਿੰਦਾ ਹੈ ਕਿ ਉਹ ਇਕੱਲਾ ਨਹੀਂ ਹੈ, ਅਤੇ ਸ਼ਾਇਦ ਸਮਾਜ ਵਿੱਚ ਉਸ ਦੇ ਕਾਰਿਆਂ ਨੂੰ ਮਨਜ਼ੂਰੀ ਵੀ ਹਾਸਲ ਹੈ। ਡਿਜੀਟਲ ਦੁਨੀਆ ਦੇ ਵਰਤਾਰੇ ਉੱਥੇ ਤੱਕ ਹੀ ਸੀਮਤ ਨਹੀਂ ਰਹਿੰਦੇ; ਉਹ ਸੋਚ ਅਤੇ ਰਵੱਈਏ ਵਿੱਚ ਰਚ-ਮਿਚ ਜਾਂਦੇ ਹਨ, ਅਤੇ ਆਖ਼ਰਕਾਰ ਇਹ ਰਵੱਈਆ ਗਲੀਆਂ, ਬੱਸਾਂ, ਦਫ਼ਤਰਾਂ ਅਤੇ ਘਰਾਂ ਦੇ ਅੰਦਰ ਵੀ ਮਰਦ ਦੇ ਵਿਹਾਰ-ਵਤੀਰੇ ਨੂੰ ਘੜਦਾ ਹੈ।

ਇੱਥੇ ਇੱਕ ਸਬਕ ਹੋਰ ਵੀ ਲੈਣ ਦੀ ਲੋੜ ਹੈ ਕਿ ਸਿਆਸੀ ਦੁਸ਼ਮਣੀ ਕਿਵੇਂ ਕੰਮ ਕਰਦੀ ਹੈ। ਜਦੋਂ ਕੋਈ ਸਮਾਜ ਆਪਣੇ-ਆਪ ਨੂੰ ਕਿਸੇ ਇੱਕ ਧੜੇ ਨਾਲ ਨਫ਼ਰਤ ਕਰਨ ਦਾ ਆਦੀ ਬਣਾ ਲੈਂਦਾ ਹੈ, ਤਾਂ ਉਹ ਨਫ਼ਰਤ ਕਦੇ ਵੀ ਸਿਰਫ਼ ਉਸੇ ਧੜੇ ਤੱਕ ਸੀਮਤ ਨਹੀਂ ਰਹਿੰਦੀ। ਇਹ ਮਨ ਦੀ ਆਦਤ ਬਣ ਜਾਂਦੀ ਹੈ-ਹਰ ਉਸ ਸ਼ਖ਼ਸ ਨੂੰ ਇਨਸਾਨ ਨਾ ਸਮਝਣ ਦੀ ਬਿਰਤੀ ਜੋ ਤੁਹਾਨੂੰ ਅਸੁਖਾਵਾਂ ਜਾਪੇ। ਕੱਲ੍ਹ ਤੱਕ ਇਹ ਨਫ਼ਰਤ ਇਕ ਭਾਈਚਾਰੇ ਵੱਲ ਕੇਂਦਰਤ ਸੀ, ਅੱਜ ਇਹ ਹੱਥ ਵਿੱਚ ਤਖ਼ਤੀ ਫੜੀ ਖੜ੍ਹੀ ਮੁਟਿਆਰ ਨੂੰ ਨਿੰਦਦੀ ਹੈ। ਕੱਲ੍ਹ ਨੂੰ ਇਹ ਕੋਈ ਵੀ ਹੋ ਸਕਦਾ ਹੈ ਜੋ ਤੁਹਾਡੇ ਨਾਲ ਅਸਹਿਮਤੀ ਜਤਾਵੇ। ਜਿਨ੍ਹਾਂ ਲੋਕਾਂ ਨੇ ਦੂਜਿਆਂ ਦੀ ਬੇਇੱਜ਼ਤੀ 'ਤੇ ਤਾੜੀਆਂ ਵਜਾਈਆਂ ਹਨ ਅਤੇ ਆਪਣੇ-ਆਪ ਨੂੰ ਸੁਰੱਖਿਅਤ ਸਮਝ ਰਹੇ ਹਨ, ਉਨ੍ਹਾਂ ਨੂੰ ਇਹ ਵੀ ਸੋਚਣਾ ਚਾਹੀਦਾ ਹੈ ਕਿ ਉਹੀ ਹਥਿਆਰ ਕੱਲ੍ਹ ਨੂੰ ਉਨ੍ਹਾਂ ਦੇ ਖ਼ਿਲਾਫ਼ ਵੀ ਵਰਤਿਆ ਜਾ ਸਕਦਾ ਹੈ।

ਮੈਂ ਕਿਸੇ ਨੂੰ ਵੀ ਆਪਣੀ ਰਾਜਨੀਤੀ ਛੱਡਣ ਲਈ ਨਹੀਂ ਕਹਿ ਰਿਹਾ। ਲੋਕਤੰਤਰ ਅਸਹਿਮਤੀ 'ਤੇ ਹੀ ਨਿਰਭਰ ਕਰਦਾ ਹੈ। ਮੌਜੂਦਾ ਹਕੂਮਤ ਦੇ ਹਮਾਇਤੀਆਂ ਨੂੰ ਇਹ ਦਲੀਲ ਦੇਣ ਦਾ ਪੂਰਾ ਹੱਕ ਹੈ ਕਿ ਇਹ ਮੁਜ਼ਾਹਰੇ ਗੁੰਮਰਾਹਕੁੰਨ ਹਨ, ਮੁਜ਼ਾਹਰਾਕਾਰੀ ਨਾਸਮਝ ਹਨ, ਅਤੇ ਰੋਸ-ਵਿਖਾਵਿਆਂ ਨਾਲੋਂ ਅਮਨ-ਕਾਨੂੰਨ ਵੱਧ ਮਹੱਤਵਪੂਰਨ ਹੈ, ਪਰ ਹਕੂਮਤ ਦੇ ਵਿਰੋਧੀਆਂ ਨੂੰ ਵੀ ਆਪਣਾ ਪੱਖ ਰੱਖਣ ਦਾ ਬਰਾਬਰ ਹੱਕ ਹੈ। ਬਹਿਸ ਕਰੋ, ਖੰਡਨ ਕਰੋ, ਲੋੜ ਪਵੇ ਤਾਂ ਕਿਸੇ ਵਿਚਾਰ ਦਾ ਮਜ਼ਾਕ ਵੀ ਉਡਾਓ। ਪਰ ਕਿਸੇ ਪ੍ਰਦਰਸ਼ਨਕਾਰੀ ਦੇ ਸਟੈਂਡ ਦੀ ਨੁਕਤਾਚੀਨੀ ਕਰਨ ਅਤੇ ਉਸ ਦੇ ਸਰੀਰ, ਉਸ ਦੇ ਕਿਰਦਾਰ ਤੇ ਉਸ ਦੇ ਔਰਤਪਣ ਨੂੰ ਜ਼ਲੀਲ ਕਰਨ ਵਿਚਕਾਰ ਇੱਕ ਸਪੱਸ਼ਟ ਲਕੀਰ ਹੁੰਦੀ ਹੈ। ਹਰ ਕਿਸੇ ਨੂੰ, ਭਾਵੇਂ ਉਹ ਕਿਸੇ ਵੀ ਪਾਸੇ ਦਾ ਹੋਵੇ, ਉਸ ਲਕੀਰ ਦਾ ਲਿਹਾਜ਼ ਰੱਖਣਾ ਹੀ ਪਵੇਗਾ।

ਇਹੀ ਕਾਰਨ ਹੈ ਕਿ ਅਜਿਹੀ ਭਾਸ਼ਾ ਦੀ ਨਿੰਦਾ ਹਮੇਸ਼ਾ, ਹਰ ਧਿਰ ਵੱਲੋਂ ਹੋਣੀ ਜ਼ਰੂਰੀ ਹੈ। ਜਦੋਂ ਗਾਲੀ-ਗਲੋਚ ਦੂਜੇ ਪਾਸਿਓਂ ਆਉਂਦਾ ਹੈ ਤਾਂ ਉਸ ਦੀ ਨਿੰਦਾ ਕਰਨਾ ਸੌਖਾ ਹੁੰਦਾ ਹੈ, ਅਤੇ ਜਦੋਂ ਆਪਣਾ ਪਾਸਾ ਇਹ ਕਰਦਾ ਹੈ ਤਾਂ ਅੱਖਾਂ ਫੇਰ ਲੈਣਾ ਵੀ ਓਨਾ ਹੀ ਸੌਖਾ ਹੁੰਦਾ ਹੈ। ਜੇ ਅਸੀਂ ਔਰਤ-ਵਿਰੋਧ ਦਾ ਵਿਰੋਧ ਸਿਰਫ਼ ਉਦੋਂ ਹੀ ਕਰਦੇ ਹਾਂ ਜਦੋਂ ਇਹ ਸਾਡੇ ਮਾਫ਼ਕ ਬੈਠਦਾ ਹੋਵੇ, ਤਾਂ ਅਸੀਂ ਅਸਲ ਵਿੱਚ ਇਸ ਦਾ ਕੋਈ ਵਿਰੋਧ ਨਹੀਂ ਕੀਤਾ; ਅਸੀਂ ਸਿਰਫ਼ ਇਸ ਨੂੰ ਆਪਣੇ ਹਥਿਆਰ ਵਜੋਂ ਵਰਤਿਆ ਹੈ। ਜਿਹੜੇ ਲੋਕ ਮੌਜੂਦਾ ਹਕੂਮਤ ਦੇ ਹੱਕ ਵਿਚ ਹਨ, ਸਭ ਤੋਂ ਪਹਿਲਾਂ ਉਨ੍ਹਾਂ ਨੂੰ ਆਪਣੇ ਹੀ ਹੈਂਡਲਾਂ ਨੂੰ ਦੱਸਣਾ ਚਾਹੀਦਾ ਹੈ ਕਿ ਕਿਸੇ ਔਰਤ ਨੂੰ ਘਸੀਟੇ ਜਾਣ 'ਤੇ ਖ਼ੁਸ਼ੀ ਮਨਾਉਣਾ ਸ਼ਰਮਨਾਕ ਹੈ। ਇਸੇ ਤਰ੍ਹਾਂ ਪ੍ਰਦਰਸ਼ਨਕਾਰੀਆਂ ਦੇ ਹੱਕ ਵਿੱਚ ਖੜ੍ਹੇ ਲੋਕਾਂ ਨੂੰ ਵੀ ਆਪਣੀਆਂ ਟਾਈਮਲਾਈਨਾਂ 'ਤੇ ਨਜ਼ਰ ਰੱਖਣੀ ਚਾਹੀਦੀ ਹੈ ਅਤੇ ਗਾਲ੍ਹਾਂ ਦਾ ਜਵਾਬ ਗਾਲ੍ਹਾਂ ਨਾਲ ਦੇਣ ਤੋਂ ਇਨਕਾਰ ਕਰਨਾ ਚਾਹੀਦਾ ਹੈ।

ਸੰਸਥਾਵਾਂ ਦੀ ਵੀ ਇਸ ਵਿੱਚ ਵੱਖਰੀ ਭੂਮਿਕਾ ਹੈ। ਲੋਕਾਂ ਦੇ ਗੁੱਸੇ ਤੇ ਭੜਕਾਹਟ ਤੋਂ ਮੁਨਾਫ਼ਾ ਕਮਾਉਣ ਵਾਲੇ ਡਿਜੀਟਲ ਪਲੇਟਫ਼ਾਰਮਾਂ 'ਤੇ ਲਿੰਗ-ਆਧਾਰਤ ਦੁਰਵਿਵਹਾਰ ਵਿਰੁੱਧ ਕਾਰਵਾਈ ਕਰਨ ਲਈ ਦਬਾਅ ਪਾਇਆ ਜਾਣਾ ਚਾਹੀਦਾ ਹੈ। ਪੁਲਸ ਅਤੇ ਅਦਾਲਤਾਂ ਨੂੰ ਔਰਤਾਂ ਵਿਰੁੱਧ ਹਿੰਸਾ ਭੜਕਾਉਣ ਦੇ ਮਾਮਲਿਆਂ-ਭਾਵੇਂ ਆਨਲਾਈਨ ਹੋਣ ਜਾਂ ਆਫ਼ਲਾਈਨ-ਨੂੰ ਪੂਰੀ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ, ਪਰ ਕੋਈ ਵੀ ਕਾਨੂੰਨ ਲੋਕਾਂ ਦੀ ਜ਼ਮੀਰ ਵਿੱਚ ਆਉਣ ਵਾਲੀ ਤਬਦੀਲੀ ਦਾ ਬਦਲ ਨਹੀਂ ਬਣ ਸਕਦਾ। ਇਸ ਦੀ ਸ਼ੁਰੂਆਤ ਘਰਾਂ ਵਿੱਚ ਅਤੇ ਮੋਬਾਈਲ ਫ਼ੋਨਾਂ 'ਤੇ ਆਮ ਲੋਕਾਂ ਤੋਂ ਹੁੰਦੀ ਹੈ, ਜੋ ਕਿਸੇ ਔਰਤ ਦੀ ਬੇਪਤੀ ਦਾ ਜਸ਼ਨ ਮਨਾਉਣ ਵਾਲੀ ਸਮੱਗਰੀ ਨੂੰ ਲਾਈਕ, ਸ਼ੇਅਰ ਜਾਂ ਉਸ 'ਤੇ ਹੱਸਣ ਤੋਂ ਇਨਕਾਰ ਕਰਨ ਦਾ ਫ਼ੈਸਲਾ ਕਰਦੇ ਹਨ।

ਜਿਸ ਧਰੁਵੀਕਰਨ ਦੇ ਪਰਛਾਵੇਂ ਹੇਠ ਅਸੀਂ ਜਿਉਂ ਰਹੇ ਹਾਂ, ਉਸ ਦੇ ਜ਼ਖ਼ਮ ਭਰਨ ਵਿੱਚ ਸ਼ਾਇਦ ਵਰ੍ਹੇ ਲੱਗ ਜਾਣ। ਪਰ ਇਹ ਜਿਸ ਔਰਤ-ਵਿਰੋਧ ਨੂੰ ਜਨਮ ਦੇ ਰਿਹਾ ਹੈ, ਉਸ ਨੂੰ ਰੋਕਣ ਲਈ ਏਨਾ ਲੰਮਾ ਇੰਤਜ਼ਾਰ ਨਹੀਂ ਕੀਤਾ ਜਾ ਸਕਦਾ। ਸਾਡੀ ਰਾਜਨੀਤੀ ਚਾਹੇ ਕੋਈ ਵੀ ਹੋਵੇ, ਸਾਨੂੰ ਇਸ ਕਿਸਮ ਦੀ ਔਰਤ-ਵਿਰੋਧੀ ਬੋਲੀ ਦੀ ਡਟ ਕੇ ਨਿੰਦਾ ਕਰਨੀ ਚਾਹੀਦੀ ਹੈ, ਅਤੇ ਸਾਨੂੰ ਇਹ ਹੁਣੇ ਕਰਨਾ ਚਾਹੀਦਾ ਹੈ-ਇਸ ਤੋਂ ਪਹਿਲਾਂ ਕਿ ਅਸੀਂ ਇਸ ਨੂੰ ਆਮ ਵਰਤਾਰਾ ਬਣ ਲੈਣ ਦੇਣ ਦੀ ਭੁੱਲ ਕਰ ਬੈਠੀਏ।

# ਤੂੰ ਰੋਟੀਆਂ ਨਾ ਸੇਕ ਓਏ ! ਸਿਵਿਆਂ ਦੀ ਅੱਗ 'ਤੇ

**ਸ਼ੀਸ਼ੇ ਦੇ ਵੱਲ ਦੇਖ ਨਾ ਹੋਵੇਂ-87**

**ਸੁਰਜੀਤ ਸੁਮਨ**

ਜਦੋਂ ਮਨੁੱਖੀ ਮਨਾਂ ਵਿੱਚ ਸਿਆਸਤ ਦੇ ਗੰਦ ਦੀਆਂ ਬੁਛਾੜਾਂ ਹੋਣ ਲੱਗ ਪੈਣ, ਫਿਰ ਇਹ ਸਮਝ ਲੈਣਾ ਚਾਹੀਦਾ ਹੈ ਕਿ ਇਹੋ ਜਿਹੀ ਕੋਝੀ ਸਿਆਸਤ ਨੇ ਇੱਕ ਦਿਨ ਤਬਾਹ ਹੋਣਾ ਹੀ ਹੋਣਾ ਹੈ, ਪਰ ਅਜਿਹੀ ਸ਼ਰਾਰਤ ਨਾਲ ਆਲੇ-ਦੁਆਲੇ ਦਾ ਤਬਾਹ ਹੋਣਾ ਵੀ ਲਾਜ਼ਮ ਹੋ ਨਿਬੜਦਾ ਹੈ। ਇਤਿਹਾਸ ਗਵਾਹ ਹੈ ਕਿ ਕਿਸੇ ਹੋਰ ਲਈ ਖੂਹ ਪੱਟਣ ਵਾਲੇ ਲਈ ਕੁਦਰਤ ਖਾਤਾ ਤਿਆਰ-ਬਰ-ਤਿਆਰ ਰੱਖਦੀ ਹੈ। ਕੁਦਰਤ ਬੇਅੰਤ ਹੈ, ਉਹ ਕਿਸੇ ਨੂੰ ਬਖ਼ਸ਼ਦੀ ਨਹੀਂ। ਸਮਾਂ ਬਲਵਾਨ ਹੁੰਦਾ ਹੈ। ਉਹ ਜਦੋਂ ਵੀ ਘੁੰਮ ਕੇ ਆਉਂਦਾ ਹੈ, ਤਾਂ ਆਪਣਾ ਹਿਸਾਬ-ਕਿਤਾਬ ਆਪ ਹੀ ਕਰਕੇ ਤੁਰ ਜਾਂਦਾ ਹੈ। ਸਮੇਂ ਦੀ ਵੱਜੀ ਮਾਰ ਬੰਦੇ ਨੂੰ ਕਿਸੇ ਪਾਸੇ ਜੋਗਾ ਵੀ ਨਹੀਂ ਛੱਡਦੀ। ਸਮਾਂ, ਸਮਰੱਥਾਵਾਨ ਹੁੰਦਾ ਹੈ। ਕੀ ਪਤਾ ਇਹ ਕਿਸ ਨੂੰ ਅਰਸ਼ੋਂ, ਫਰਸ਼ 'ਤੇ ਪਹੁੰਚਾ ਦੇਵੇ ਜਾਂ ਕਿਸ ਨੂੰ ਫਰਸ਼ੋਂ ਅਰਸ਼ 'ਤੇ? ਇਹ ਸਭ ਕੁਝ ਸਮੇਂ ਨੇ ਆਪਣੇ ਗਰਭ ਵਿੱਚ ਹੀ ਸਾਂਭਿਆ ਹੋਇਆ ਹੁੰਦਾ ਹੈ। ਇਸ ਲਈ ਆਦਮੀ ਨੂੰ ਹਮੇਸ਼ਾ ਸਮੇਂ ਤੋਂ ਬਚ ਕੇ ਰਹਿਣਾ ਚਾਹੀਦਾ ਹੈ। ਬੰਦਾ ਕੋਈ ਵੀ ਹੋਵੇ, ਉਸ ਨੂੰ ਆਪਣੇ ਫਰਜ਼ ਪਛਾਣ ਕੇ ਉਨ੍ਹਾਂ ਦਾ ਸਹੀ ਦਿਸ਼ਾ ਵਿੱਚ ਨਿਭਾਅ ਕਰਨ ਵੱਲ ਅਗਰਸਰ ਹੋਣਾ ਚਾਹੀਦਾ ਹੈ। ਜਦੋਂ ਬੰਦਾ ਕਿਸੇ ਦੇ ਘਰ ਲੱਗੀ ਅੱਗ ਉੱਤੇ ਆਪਣੀਆਂ ਰੋਟੀਆਂ ਸੇਕਣ ਲੱਗ ਪੈਂਦਾ ਹੈ, ਤਾਂ ਸਮਝੋ ਫਿਰ ਖ਼ੈਰ ਨਹੀਂ। ਅਜਿਹਾ ਵਰਤਾਰਾ ਲੋਕ ਨਿੰਦਾ ਦਾ ਕਾਰਨ ਵੀ ਬਣ ਜਾਂਦਾ ਹੈ। ਅਜਿਹਾ ਵਰਤਾਰਾ ਕੁਦਰਤਨ ਅਸੂਲਾਂ ਦੇ ਖਿਲਾਫ ਵੀ ਚਲਾ ਜਾਂਦਾ ਹੈ। ਤੁਸੀਂ ਕਦੀ ਆਪਣੇ ਆਲੇ-ਦੁਆਲੇ ਵੱਲ ਝਾਤੀ ਮਾਰ ਕੇ ਦੇਖਿਓ। ਤੁਹਾਨੂੰ ਬਹੁਤ ਕੁਝ ਸਾਫ-ਸਾਫ ਨਜ਼ਰੀਂ ਆਉਣ ਲੱਗ ਪਵੇਗਾ। ਘਟੀਆ ਸਿਆਸਤ ਤੇ ਘਟੀਆ ਸ਼ਰਾਰਤਾਂ ਕਰਨ ਵਾਲੇ ਲੋਕ ਤੁਹਾਨੂੰ ਬਹੁਤੀ ਉੱਚੀ ਉਡਾਨ ਭਰਦੇ ਹੋਏ ਕਿਧਰੇ ਵੀ ਦਿਖਾਈ ਨਹੀਂ ਦੇਣਗੇ। ਉੱਚੀ ਉਡਾਨ ਤਾਂ ਸਿਰਫ ਬਾਜ਼ ਹੀ ਭਰਦੇ ਹਨ। ਸੋਚ ਕੇ ਦੇਖਿਓ, ਬਾਜ਼ਾਂ ਵਾਲੇ ਨੇ ਤਾਂ ਲੋਕ ਹਿੱਤਾਂ ਲਈ ਹਕੂਮਤਾਂ ਅੱਗੇ ਅੜ ਕੇ ਵੀ ਆਪਣਾ-ਆਪ ਨਿਛਾਵਰ ਕਰ ਦਿੱਤਾ ਸੀ। ਸਮੇਂ ਦੇ ਨਾਇਕਾਂ ਪਾਸੋਂ ਸਮਾਂ ਹਮੇਸ਼ਾ ਅਜਿਹੇ ਵਿਵਹਾਰ ਦੀ ਹੀ ਮੰਗ ਕਰਦਾ ਹੈ। ਇਸੇ ਲਈ ਅਜਿਹੀਆਂ ਵਿਰਾਟ ਸ਼ਖਸੀਅਤਾਂ ਦਾ ਨਾਂਅ ਹਮੇਸ਼ਾ ਸੁਨਹਿਰੀ ਭਾਅ ਮਾਰਦਾ ਹੈ। ਸਤਿਕਾਰਿਆ ਜਾਂਦਾ ਹੈ। ਅਕੀਦਤ ਦੇ ਫੁੱਲ ਭੇਟ ਕਰਨਯੋਗ ਹੋ ਜਾਂਦਾ ਹੈ।

ਯੂਟਿਊਬ ਫਰੋਲ ਰਿਹਾ ਸਾਂ। ਮੇਰੇ ਸਾਹਮਣੇ ਇੱਕ ਵੀਡੀਓ ਖੁੱਲ੍ਹਦੀ ਹੈ। ਇਹ ਵੀਡੀਓ 'ਜੱਸੀ ਕਤਲ ਕੇਸ' ਦੀ ਹੈ। ਜੱਸੀ ਦਾ ਨਾਨਕਾ ਘਰ ਅਮੀਰੀ ਦੇ ਦਾਇਰੇ ਵਿੱਚ ਆਪਣਾ ਚੰਗਾ ਮੁਕਾਮ ਰੱਖਣ ਵਾਲਾ ਜ਼ਿਮੀਦਾਰ ਪਰਵਾਰ ਸੀ। ਫਿਰ ਉਸ ਘਰ ਦੇ ਮੈਂਬਰ ਹੌਲੀ-ਹੌਲੀ ਵਿਦੇਸ਼ ਉਡਾਰੀ ਮਾਰਨ ਲੱਗਦੇ ਹਨ। ਕੈਨੇਡਾ ਵਿੱਚ ਫਾਰਮ ਹਾਊਸ ਬਣਾਉਂਦੇ ਹਨ। ਮਿਹਨਤ ਨਾਲ ਨਹੀਂ, ਕਬਜ਼ਾ ਕੇ। ਸਮੇਂ ਨਾਲ ਉਨ੍ਹਾਂ ਦਾ ਰੁਤਬਾ ਉੱਚੀ ਉਡਾਨ ਭਰਦਾ ਹੈ। ਘਰੇਲੂ ਮਾਹੌਲ ਵਿੱਚ ਜ਼ਿਮੀਂਦਾਰਾਨਾ ਰੋਅਬ ਦੇ ਨਾਲ-ਨਾਲ ਵੈਲੀਪੁਣਾ ਭਾਰੂ ਹੋਣ ਕਰਕੇ ਘਰ ਦੇ ਜੀਆਂ ਦੀ ਜ਼ਿੰਦਗੀ ਵਿੱਚ ਖੁਸ਼ੀਆਂ ਦੇ ਉਹ ਰੰਗ ਨਹੀਂ ਹਨ, ਜਿਹੜੇ ਹੋਣੇ ਚਾਹੀਦੇ ਹਨ। ਘਰ ਵਿੱਚ ਨਸ਼ੱਈ ਲੋਕ ਹਨ। ਨਸ਼ਿਆਂ ਦਾ ਵਪਾਰ ਕਰਦੇ ਹਨ। ਕਿਸਮਤ ਮਾਰੀ ਜੱਸੀ ਆਲੇ-ਦੁਆਲੇ ਵਿੱਚੋਂ ਆਪਣਾ ਹਾਣੀ ਆਪ ਲੱਭ ਲੈਂਦੀ ਹੈ। ਆਪ-ਮੁਹਾਰੀ ਵੀ ਹੋ ਜਾਂਦੀ ਹੈ। ਮੁੰਡਾ-ਕੁੜੀ ਗੰਧਰਵ ਵਿਆਹ ਕਰਵਾਉਂਦੇ ਹਨ। ਘਰੇਲੂ ਮਾਹੌਲ ਸਾਜ਼ਗਾਰ ਹੁੰਦਾ, ਤਾਂ ਹੋ ਸਕਦਾ ਅਜਿਹੀ ਨੌਬਤ ਹੀ ਨਾ ਆਉਂਦੀ। ਹੋ ਸਕਦੈ ਜੱਸੀ ਤੇ ਉਹ ਨੌਜਵਾਨ ਕਿਵੇਂ ਨਾ ਕਿਵੇਂ ਵਿਦੇਸ਼ ਪਹੁੰਚ ਹੌਲੀ-ਹੌਲੀ ਆਪਣੇ ਇਸ ਰਿਸ਼ਤੇ ਨੂੰ ਇੱਕ ਖਾਸ ਮੁਕਾਮ 'ਤੇ ਪਹੁੰਚਾਉਣ ਲਈ ਗੋਂਦਾਂ ਗੁੰਦੀ ਬੈਠੇ ਹੋਣ। ਪਰ ਸਿਆਣੇ ਆਖਦੇ ਹਨ, ਇਸ਼ਕ ਤੇ ਮੁਸ਼ਕ ਕਦੋਂ ਤੱਕ ਛੁਪੇ ਰਹਿ ਸਕਦੇ ਹਨ। ਘਰੇਲੂ ਵਿਰੋਧ ਤੇਜ਼ੀ ਨਾਲ ਤੇ ਸਮਾਜਿਕ ਵਿਰੋਧ ਹੌਲੀ-ਹੌਲੀ ਆਪਣਾ ਆਕਾਰ ਲੈਂਦਾ ਹੈ। ਇਨ੍ਹਾਂ ਨਾਲ ਵੀ ਅਜਿਹਾ ਹੀ ਹੋਇਆ। ਇੱਕ ਦਿਨ ਸਰੇ-ਬਾਜ਼ਾਰ ਇਨ੍ਹਾਂ ਦੀ ਤੂੜੀ ਦੀ ਪੰਡ ਖੁੱਲ੍ਹ ਗਈ। ਜੱਸੀ ਦਾ ਮਾਮਾ ਤੇ ਮਾਂ ਕੈਨੇਡਾ ਰਹਿੰਦਿਆਂ ਹੋਇਆਂ ਵੀ ਇਸ ਮਨੁੱਖੀ ਰਿਸ਼ਤੇ ਨੂੰ ਸਵੀਕਾਰ ਨਾ ਕਰ ਸਕੇ। ਇਸ ਦਾ ਕਾਰਨ ਸੀ ਜ਼ਿਮੀਦਾਰਾਨਾ ਰੋਅਬ-ਦਾਅਬ ਤੇ ਅੰਦਰ ਪਨਪਦਾ ਵੈਲੀਪੁਣਾ। ਨਸ਼ਿਆਂ ਦੇ ਵਪਾਰ ਦੀ ਅੰਨ੍ਹੀਂ ਕਮਾਈ ਵੈਸੇ ਹੀ ਬੰਦੇ 'ਚ ਅੱਖੜਪੁਣਾ ਲਿਆ ਦਿੰਦੀ ਹੈ। ਦੋਵੇਂ ਪਾਸੇ ਜੱਟ ਪਰਵਾਰ ਹੋਣ ਦੇ ਬਾਵਜੂਦ ਮੁੰਡੇ ਦਾ ਕਿਰਤੀ ਹੋਣਾ ਹੀ ਇੱਥੇ ਨਫਰਤ ਦਾ ਕਾਰਨ ਬਣ ਗਿਆ। ਮੁੰਡੇ ਦਾ ਪਰਵਾਰ ਨਾਮਾਤਰ ਜ਼ਮੀਨ ਵਾਲਾ ਪਰਵਾਰ ਸੀ।

ਇਸ ਸਾਰੇ ਵਰਤਾਰੇ ਵਿੱਚੋਂ ਇੱਕ ਹੋਰ ਗੱਲ ਮੇਰੇ ਸਾਹਮਣੇ ਹੌਲੀ-ਹੌਲੀ ਖੁੱਲ੍ਹਣ ਲੱਗਦੀ ਹੈ। ਉਹ ਹੈ ਜੱਸੀ ਦੇ ਮਾਮੇ ਦਾ ਸ਼ਕੁਨੀ ਮਾਮਾ ਬਣ ਜਾਣਾ। ਕੈਨੇਡਾ ਰਹਿੰਦਿਆਂ ਜੱਸੀ ਦਾ ਸਾਫ-ਸੁਥਰਾ ਅਕਸ ਰੱਖਣ ਵਾਲਾ ਪਿਓ, ਜੱਸੀ ਦੇ ਮਾਮੇ ਨੂੰ ਚੁਭਣ ਲਗਦਾ ਹੈ। ਉਹ ਹੌਲੀ-ਹੌਲੀ ਆਪਣੀ ਭੈਣ ਜ਼ਰੀਏ ਓਸ ਘਰ 'ਤੇ ਕਾਬਜ਼ ਹੋ ਜਾਂਦਾ ਹੈ। ਇੱਥੋਂ ਤੱਕ ਕਿ ਉਹ ਸਾਮ, ਦਾਮ, ਦੰਡ ਤੇ ਭੇਦ ਰਾਹੀਂ ਜੱਸੀ ਦੇ ਪਿਓ ਦੇ ਫਾਰਮ ਹਾਊਸ ਨੂੰ ਵੀ ਕਬਜ਼ਾ ਕੇ ਆਪਣੇ ਅਧੀਨ ਤਾਂ ਕਰ ਲੈਂਦਾ ਹੈ, ਪਰ ਸਮੇਂ ਦੀ ਮਾਰ ਨੂੰ ਚੇਤੇ ਨਹੀਂ ਰੱਖਦਾ। ਉਹ ਆਪਣੀ ਖੇਡ ਖੇਡਦਾ ਹੈ ਤੇ ਸਮਾਂ ਆਪਣੀ। ਇਹ ਵੀਡੀਓ ਦੇਖਦਿਆਂ ਮੇਰੀਆਂ ਅੱਖਾਂ ਸਾਹਵੇਂ ਮਹਾਂਭਾਰਤ ਦੇ ਕਈ ਵਿਰਾਟ ਪਾਤਰ ਆ ਖੜ੍ਹਦੇ ਹਨ। ਸਭ ਤੋਂ ਪਹਿਲਾਂ ਮੇਰੇ ਸਨਮੁਖ ਭੀਸ਼ਮ ਪਿਤਾਮਾ ਹੁੰਦੇ ਹਨ। ਪਿਤਾਮਾ ਆਪਣੇ ਬਾਹੂਬਲ ਤੇ ਕੋਝੀ ਸਿਆਸਤ ਰਾਹੀਂ ਆਲੇ-ਦੁਆਲੇ ਨੂੰ ਆਪਣੇ ਰਾਜ ਵਿੱਚ ਜਜ਼ਬ ਕਰਦਿਆਂ ਅੱਗਾ-ਪਿੱਛਾ ਕੁਝ ਵੀ ਨਹੀਂ ਦੇਖਦਾ। ਉਹ ਆਪਣੇ ਤੋਂ ਛੋਟੇ ਰਾਜਾਂ ਨੂੰ ਹੜੱਪਣ ਲੱਗਿਆਂ ਰਾਜ ਪਰਵਾਰ ਦੇ ਮੈਂਬਰਾਂ ਤੇ ਲੋਕਾਂ ਨੂੰ ਬੇਕਿਰਕੀ ਨਾਲ ਮਾਰਦਾ ਵੀ ਹੈ ਤੇ ਬੰਦੀ ਬਣਾ ਕੇ ਉਨ੍ਹਾਂ ਉੱਤੇ ਅੱਤਿਆਚਾਰ ਵੀ ਕਰਦਾ ਹੈ। ਇਸ ਮਹਾਂ-ਨਾਟਕ ਨੂੰ ਫਰੋਲਦਿਆਂ ਤੁਹਾਨੂੰ ਸ਼ਕੁਨੀ ਵਿੱਚੋਂ ਵੀ ਇੱਕ ਅਜਿਹਾ ਹੀ ਬਾਲ ਲੱਭੇਗਾ, ਜਿਸ ਬਾਲ ਬਰੇਸੇ ਇਹ ਸਭ ਆਪਣੇ ਪਿੰਡੇ 'ਤੇ ਹੰਢਾਇਆ। ਦੂਜੇ ਪਾਸੇ ਸ੍ਰੀ ਕ੍ਰਿਸ਼ਨ ਨੇ ਵੀ ਆਪਣੀ ਬਾਲ ਬਰੇਸੇ ਅਜਿਹੇ ਵਰਤਾਰੇ ਨੂੰ ਹੀ ਭੋਗਿਆ ਸੀ। ਇਨ੍ਹਾਂ ਦੋਹਾਂ ਪਾਤਰਾਂ ਦੇ ਪੁਰਖਿਆਂ ਨੇ ਆਪਣੀ ਬਹੁਤੀ ਜ਼ਿੰਦਗੀ ਕਾਲ-ਕੋਠੜੀਆਂ ਵਿੱਚ ਤਸੀਹੇ ਸਹਿੰਦਿਆਂ ਗੁਜ਼ਾਰੀ। ਤਸੀਹੇ ਝੱਲਦੇ ਇਨ੍ਹਾਂ ਲੋਕਾਂ ਦੀਆਂ ਰੂਹਾਂ ਵਿੱਚੋਂ ਨਿਕਲਦੀਆਂ ਫਰਿਆਦਾਂ ਨੂੰ ਸਮੇਂ ਨੇ ਜ਼ਰੂਰ ਸੁਣਿਆ ਹੋਵੇਗਾ। ਤਸੀਹੇ ਝੱਲਦੇ ਇਨ੍ਹਾਂ ਲੋਕਾਂ ਦੇ ਹੰਝੂ ਕਾਲ-ਕੋਠੜੀਆਂ ਦੇ ਫਰਸ਼ਾਂ 'ਤੇ ਡਿੱਗਦੇ ਹੰਝੂਆਂ ਦਾ ਹਿਸਾਬ ਸਮੇਂ ਨੇ ਜ਼ਰੂਰ ਰੱਖਿਆ ਹੋਵੇਗਾ। ਸਮਾਂ, ਸਾਜ਼ਿਸ਼ਾਂ ਕਰਨ ਵਾਲਿਆਂ ਤੇ ਦਇਆ ਕਰਨ ਵਾਲਿਆਂ, ਦੋਵਾਂ ਨੂੰ ਇੱਕੋ ਅੱਖ ਨਾਲ ਦੇਖਦਾ ਹੈ। ਸਮਾਂ, ਸਮਾਂ ਆਉਣ 'ਤੇ ਅਜਿਹੇ ਲੋਕਾਂ ਨੂੰ ਉਨ੍ਹਾਂ ਦੀ ਬਣਦੀ ਸਜ਼ਾ ਜਾਂ ਮਾਣ ਬਖ਼ਸ਼ ਜਾਂਦਾ ਹੈ।

ਜੱਸੀ ਦੇ ਮਾਮੇ ਤੇ ਮਾਂ ਨਾਲ ਵੀ ਅਜਿਹਾ ਹੀ ਹੋਇਆ ਹੋਵੇਗਾ। ਜੱਸੀ ਦੇ ਮਾਮੇ ਨੇ ਕੈਨੇਡਾ ਰਹਿੰਦਿਆਂ ਇੱਧਰੋਂ ਭਾੜੇ ਦੇ ਲੋਕਾਂ ਰਾਹੀਂ ਆਪਣੀ ਭਾਣਜੀ ਦਾ ਕਤਲ ਕਰਵਾ ਕੇ ਇਸ ਸੁਫਨੇ ਸੰਜੋਈ ਬੈਠੇ ਜੋੜੇ ਨੂੰ ਕੋਹ ਸੁੱਟਿਆ। ਜੱਸੀ ਦਾ ਭੋਲਾ-ਭਾਲਾ ਪਿਓ ਇਸ ਸਭ ਕੁਝ ਤੋਂ ਅਣਜਾਣ ਆਪਣੇ ਹਿੱਸੇ ਦਾ ਸੰਤਾਪ ਭੋਗਦਾ ਰਿਹਾ। ਤੁਰ ਗਈ ਜੱਸੀ ਦਾ ਮਾਮਾ ਤੇ ਮਾਂ ਦੋਵੇਂ ਕਾਲ-ਕੋਠੜੀਆਂ ਦੀ ਸਜ਼ਾ ਹੰਢਾ, ਹੁਣ ਬੁਢਾਪੇ ਵਿੱਚ ਇਕੱਲਤਾ ਭੋਗਦੇ ਹੋਣਗੇ ਕਿਧਰੇ ਜਾਂ ਕੀ ਪਤਾ ਮਰ-ਮੁੱਕ ਗਏ ਹੋਣ। ਸਮੇਂ ਦੀ ਮਾਰ ਦੇਖੋ, ਜਿਨ੍ਹਾਂ ਆਪਣੇ ਹੱਥੀਂ ਆਪੇ ਹੀ ਆਪਣੀ ਔਲਾਦ ਤੋਂ ਆਸ-ਮੁਰਾਦ ਖਤਮ ਕਰ ਛੱਡੀ ਹੋਵੇ, ਉਹ ਅਗਲੀ ਪੀੜ੍ਹੀ ਕਿੱਥੋਂ ਭਾਲਣਗੇ ਭਲਾ? ਅਜਿਹੇ ਘਰਾਂ ਵਿੱਚ ਛੋਟੇ-ਛੋਟੇ ਬਾਲਾਂ ਦੀਆਂ ਕਿਲਕਾਰੀਆਂ ਕਿੱਥੋਂ ਸੁਣੀਆਂ ਜਾਣਗੀਆਂ ਭਲਾ? ਹਰ ਕੋਈ ਦੁਸ਼ਿਅੰਤ ਤਾਂ ਨਹੀਂ ਹੋ ਸਕਦਾ ਨਾ ਤੇ ਨਾ ਹੀ ਸ਼ਕੁੰਤਲਾ। ਅਜਿਹਿਆਂ ਦੀ ਔਲਾਦ ਹੀ ਭਾਰਤ ਵਰਗੇ ਦੇਸ਼ ਨੂੰ ਨਵਾਂ ਰੂਪ ਦੇ ਸਕਦੀ ਹੈ, ਆਪਣਾ ਨਾਂਅ ਦੇ ਸਕਦੀ ਹੈ। ਫੋਨ ਦੀ ਟਰਨ ਟਰਨ, ਮੇਰੀ ਸੋਚ ਦੀ ਫਿਰਕੀ ਨੂੰ ਤੋੜ ਬਾਈ ਦਲੇਰ ਸਿੰਘ ਨਾਲ ਜੋੜ ਦਿੰਦੀ ਹੈ। ਮੈਂ ਉਸ ਨੂੰ ਸੁਣਨ ਲੱਗਦਾ ਹਾਂ।

'ਛੋਟੇ ਭਾਈ ਆਪਣਾ ਪੰਜਾਬ ਨਸ਼ਿਆਂ ਦੀ ਕੋਝੀ ਸਿਆਸਤ ਦੇ ਭਰ ਵਗਦੇ ਦਰਿਆ ਵਿੱਚੋਂ ਦੀ ਲੰਘ ਰਿਹੈ, ਅੱਜਕੱਲ੍ਹ। ਇਹਨੇ ਤਾਂ ਕਿਵੇਂ ਨਾ ਕਿਵੇਂ ਤੈਰ ਕੇ ਲੰਘ ਈ ਜਾਣੈ, ਪਰ ਦੇਖੀਂ ਇਹਨੂੰ ਡੋਬਣ ਵਾਲਿਆਂ ਨੇ ਕਦੀ ਵੀ ਤੈਰਨ ਜੋਗੇ ਨਹੀਂ ਬਚਣਾ। ਸੁਣਿਆ ਫਰਾਂਸ ਦੀ ਧਰਤੀ ਪੈਰਿਸ 'ਤੇ ਕੀ ਹੋ ਰਿਹੈ? ਵਧਦੀ ਮਹਿੰਗਾਈ ਨੇ ਉੱਥੋਂ ਦੇ ਲੋਕ ਨਪੀੜ ਸੁੱਟੇ ਹਨ। ਨਪੀੜੇ ਲੋਕ ਜਦੋਂ ਆਪਣੇ ਹੱਕਾਂ ਲਈ ਉੱਠਦੇ ਨੇ ਨਾ, ਫਿਰ ਇਨਕਲਾਬ ਆਉਂਦੇ ਨੇ। ਦੇਖਿਆ, ਕੈਨੇਡਾ ਦਾ ਰੈਫਰੈਂਡਮ ਬਿਲਕੁਲ ਵੱਖਰੀ ਦਿਸ਼ਾ ਲੈ ਰਿਹੈ। ਸ਼ਹੀਦ ਪਰਵਿੰਦਰ ਸਿੰਘ ਝੋਟਾ ਕੇਸ ਬਿਲਕੁਲ ਅਲੱਗ ਦਿਸ਼ਾ ਵਿੱਚ ਹੈ। ਕਿੱਥੇ ਹੈ ਇਨਸਾਫ ਦੀ ਤੱਕੜੀ?' ਬਾਈ ਦੀਆਂ ਗੱਲਾਂ ਸੁਣਦਿਆਂ ਮੇਰੀ ਸੁਤਾਅ ਵਿੱਚੋਂ ਤਾਇਆ ਆਤਮਾ ਸਿੰਘ ਦੀ ਆਵਾਜ਼ ਉੱਭਰੀ ਹੈ, 'ਭਤੀਜ ਠੱਗਾਂ, ਚੋਰਾਂ ਤੇ ਡਕੈਤਾਂ ਦੇ ਘਰ ਕਦੇ ਨਈਂ ਵਸਦੇ ਹੁੰਦੇ। ਸੁਣ, ਇੱਕ ਬਾਲ ਆਪਣੇ ਪਿਓ ਦੀ ਉਂਗਲ ਫੜੀ ਤੁਰਿਆ ਜਾ ਰਿਹਾ ਸੀ। ਪਿਓ ਦੱਸਣ ਲੱਗਿਆ, ਪੁੱਤਰਾ ਅਹੁ ਘਰ ਜਿੱਥੇ ਦੀਵਾ ਜਗਦੈ, ਮੈਂ ਵੀਹ ਵਾਰੀ ਲੁੱਟਿਆ। ਬਾਲ ਨੇ ਤੁਰੰਤ ਪੁੱਛਿਆ, ਪਾਪਾ ਫਿਰ ਵੀ ਆਪਣੇ ਨ੍ਹੇਰਾ ਕਿਉਂ ਆਂ?' ਮੈਂ ਅਵਾਕ ਹਾਂ। ਮੇਰੀ ਜ਼ੁਬਾਨ 'ਤੇ ਮੇਰੇ ਹੀ ਗੀਤ ਦਾ ਮੁਖੜਾ ਆ ਬਹਿੰਦਾ ਹੈ, 'ਛੁਰੀਆਂ ਕਿਉਂ ਫੇਰੇਂ ਆਪ ਹੀ ਆਪਣੀ ਸ਼ਾਹਰਗ 'ਤੇ/ ਤੂੰ ਰੋਟੀਆਂ ਨਾ ਸੇਕ ਓਏ ! ਸਿਵਿਆਂ ਦੀ ਅੱਗ 'ਤੇ।'

ਮੋਬਾ. 98144-30874

# ਥੇਹ ਬਣ, ਮੁੜ ਵਸਿਆ ਸੀ ਜਨੇਰ

**ਪਿੰਡ ਵਸਿਆ-98**

**ਵਿਜੈ ਬੰਬੇਲੀ**

ਜ਼ੀਰਾ ਖੇਤਰ ਕਿਸੇ ਸਮੇਂ ਤਿਹਾੜਾ 'ਪਰਗਨਾ' ਅਖਵਾਉਂਦਾ ਸੀ। ਢੇਰ ਸਮਿਆਂ ਪਹਿਲਾਂ 'ਪਰਗਨਾ' ਮੌਜੂਦਾ ਤਹਿਸੀਲ ਦੇ ਨਿਆਂਈ ਸੀ, ਪ੍ਰੰਤੂ ਪਰਗਨਾ ਦੀ ਸਥਾਪਨਾ ਕਿਸੇ ਪ੍ਰਬੰਧਕੀ ਇਕਾਈ ਦੀ ਬਜਾਏ, ਸੰਬੰਧਤ ਰਾਜਾਂ ਦੇ ਹੱਦ ਖੇਤਰ ਦੇ ਅੰਦਰ-ਅੰਦਰ, ਉਸ ਵਸੇਬ ਦੀ ਵਿਸ਼ੇਸ਼ਤਾ, ਸਰਗਰਮੀ ਅਤੇ ਤਜ਼ਾਰਤੀ ਤੇ ਜੰਗੀ ਪਹਿਲੂ ਨੂੰ ਮੁੱਖ ਰੱਖ ਕੇ ਹੀ ਕੀਤੀ ਜਾਂਦੀ ਸੀ, ਜਿਸ ਨਾਲ ਲਾਗਵੇਂ ਪਿੰਡ ਜਾਂ ਵਸੇਬਾਂ ਜਾਂ ਲਘੂ ਨਗਰ ਜੋੜ ਦਿੱਤੇ ਜਾਂਦੇ ਸਨ। ਪ੍ਰਾਚੀਨ ਸਮਿਆਂ ਵਿੱਚ ਇਸ ਪਰਗਨੇ ਦੀ ਇੱਕ ਉੱਘੀ ਵਸੇਬ ਸੀ 'ਜਨੇਰ'। ਸਮਾਂ ਪਾ ਜਨੇਰ ਵਸੇਬ ਕੁਦਰਤੀ ਕਾਰਨਾਂ ਵੱਸ, ਹੜ੍ਹਾਂ ਕਾਰਨ ਜਲ ਮਗਨ ਹੋ, ਥੇਹ ਬਣ ਗਈ ਸੀ।

ਜ਼ੀਰਾ ਖਿੱਤਾ ਨਿਵਾਣਾਂ 'ਚ ਸਥਿਤ ਸੀ/ਹੈ। ਇਸ ਦੇ ਨੇੜੇ ਉੱਚੀ ਬਾਹੀ ਵਗਦਾ ਦਰਿਆ ਸਤਲੁਜ ਰਾਹ ਬਦਲਦਾ ਰਹਿੰਦਾ ਸੀ। ਮੌਜੂਦਾ ਜਨੇਰ, ਨਿਸਬਤਨ ਪਹਿਲਾਂ ਨਾਲੋਂ ਕੁੱਝ ਉੱਚੀ ਥਾਂਵੇਂ, ਫਿਰ ਉੱਗਮਿਆ-ਵਸਿਆ। ਹੁਣ ਇਹ ਜ਼ੀਰੇ ਤੋਂ 16 ਕੁ ਅਤੇ ਮੋਗੇ ਤੋਂ 6 ਕੁ ਮੀਲ ਦੂਰ, ਘੁੱਗ ਵੱਸਦਾ ਹੈ। ਕਦੇ ਇਸ ਦੀ ਤਹਿਸੀਲ ਜ਼ੀਰਾ ਅਤੇ ਜ਼ਿਲ੍ਹਾ ਫਿਰੋਜ਼ਪੁਰ ਸੀ। ਹੁਣ ਤਹਿਸੀਲ ਕੋਟ ਈਸੇ ਖਾਂ ਅਤੇ ਜ਼ਿਲ੍ਹਾ ਮੋਗਾ ਹੈ। ਇਤਿਹਾਸਵੇਤਾ ਦਾਨਿਸ਼ਵਰ ਪਾਨਿਨੀ ਨੇ ਇਸ ਨੂੰ 'ਜਾਨਰਿ' ਗਣ ਲਿਖਿਆ ਹੈ। ਭਾਵ ਇਹ ਕਿ, ਪਹਿਲ-ਪਲੱਕੜਿਆਂ ਵਿੱਚ ਇਥੇ 'ਜਾਨਰਿ ਕਬੀਲੇ' ਦਾ ਰਾਜ ਸੀ। ਕਿਹਾ ਜਾਂਦਾ ਹੈ ਕਿ ਜਨੇਰ ਦੀ ਮੋੜ੍ਹੀ ਰਾਜਾ 'ਜਨ' ਨੇ ਗੱਡੀ ਸੀ। ਅਸੀਂ ਇਸ ਦੀ ਪ੍ਰਾਚੀਨਤਾ ਦੀ ਬਾਤ ਪਾਵਾਂਗੇ :

ਇਤਿਹਾਸਕਾਰ ਜੀ.ਐੱਸ. ਜ਼ੀਰਾ ਅਨੁਸਾਰ, 'ਮਹਾਂਭਾਰਤ ਦੇ ਯੁੱਗ ਵਿੱਚ ਇਹ ਬਹੁਤ ਵੱਡਾ ਨਗਰ ਸੀ। ਇਹ ਖਿੱਤਾ ਜਿਸ ਵਿੱਚ ਕਦੇ ਕੋਟ ਈਸਾ ਖਾਂ, ਧਰਮਕੋਟ ਅਤੇ ਫਤਿਹਗੜ੍ਹ ਸ਼ੁਮਾਰ ਸੀ। ਕਿਸੇ ਸਮੇਂ ਪੁਆਰ (ਪਾਰਾਮਾਰਾ) ਰਾਜਪੂਤਾਂ ਦੇ ਇੱਕ ਰਾਜਾ ਜਨ ਅਧੀਨ ਸੀ। ਫਿਰ ਇਹ ਉੱਜੜ-ਪੁੱਜੜ ਥੇਹ ਬਣ ਗਿਆ ਤੇ ਸਮਾਂ ਪਾ ਹੁਣ ਵਾਲਾ ਜਨੇਰ ਉਸ ਦੇ ਨੇੜੇ-ਤੇੜੇ ਵਸਿਆ।' ਇਹ ਥੇਹ ਆਪਣੀ ਕੁੱਖ ਵਿੱਚ ਉਸ ਪੁਰਾਣੀ ਵਸੇਬ ਦੀਆਂ ਨਿਸ਼ਾਨੀਆਂ, ਮਾਲ-ਅਸਬਾਬ ਅਤੇ ਵਸਤਾਂ, ਅਰਥਾਤ ਪ੍ਰਾਚੀਨਤਾ ਸਾਂਭੀ ਬੈਠਾ ਹੈ। ਕਰੀਬ ਤਿੰਨ ਸੌ ਏਕੜ ਵਿੱਚ ਫੈਲਿਆ-ਪੱਸਰਿਆ ਇਹ ਥੇਹ ਫਿਰੋਜ਼ਪੁਰ ਦੇ ਸਾਰੇ ਥੇਹਾਂ ਵਿੱਚੋਂ ਸਭ ਤੋਂ ਵੱਡਾ ਅਤੇ ਉੱਘਾ ਹੈ।

60ਵਿਆਂ ਵਿੱਚ ਪ੍ਰਕਾਸ਼ਿਤ ਪੁਸਤਕ 'ਜ਼ੀਰਾ ਨਗਰ' ਦੇ ਇੱਕ ਉਲੇਖ ਵਿੱਚ ਜ਼ਿਕਰ ਹੈ, 'ਜਨੇਰ ਦੀ ਪ੍ਰਾਚੀਨਤ ਬਾਰੇ ਅਨੇਕਾਂ ਸਬੂਤ ਮਿਲਦੇ ਹਨ। ਇਹ ਨਗਰ ਮੁਸਲਿਮ ਕਾਲ ਤੋਂ ਕਿਤੇ ਪਹਿਲਾਂ ਦੇ ਇੰਡੋ ਸਿਥੀਅਨ ਕਾਲ ਦੀ ਵੀ ਗਵਾਹੀ ਭਰਦਾ ਹੈ।' ਕਿਸੇ ਸਮੇਂ ਦਰਿਆ ਸਤਲੁਜ ਇਸ ਦੇ ਨਾਲ ਖਹਿ ਕੇ ਵਗਦਾ ਸੀ ਅਤੇ ਇੱਥੇ ਕੁ ਹੀ ਉਹ ਦਰਿਆ ਬਿਆਸ ਨਾਲ ਅਗਲਵਿੰਡਾਂ ਹੋ ਜਾਂਦਾ ਸੀ। ਦਰ-ਹਕੀਕਤ; ਇਹੀ ਜਲ-ਵਹਿਣ ਇਸ ਦੇ ਵਸਣ-ਰਸਣ ਦਾ ਸਬੱਬ ਬਣਿਆ ਸੀ। ਉਦੋਂ ਕਈ ਕਾਰਨੀਂ ਵਸੇਬਾਂ ਅਤੇ ਸੱਭਿਆਤਾਵਾਂ ਜਲ-ਵਹਿਣਾਂ ਅਤੇ ਜਲ ਕੁੰਡਾਂ ਕਿਨਾਰੇ ਹੀ ਉੱਗਮਦੀਆਂ ਸਨ। ਜਨੇਰ ਦੀ ਹੋਣੀ ਵੀ ਇਹੋ ਸੀ। ਫਿਰ ਉਹੀ ਜਲ-ਵਹਿਣ ਇਸ ਦੇ ਥੇਹ ਹੋ ਜਾਣ ਦਾ ਕਾਰਕ ਬਣ ਗਏ। ਉਪਰੰਤ ਇੱਥੋਂ ਦੀਆਂ ਧੜਵੈਲ ਮਿੱਟੀ ਯੁਕਤ ਇਮਾਰਤਾਂ ਨੇ ਵੱਡ-ਅਕਾਰੀ ਟਿੱਲੇ ਦਾ ਰੂਪ ਧਾਰ ਲਿਆ। ਵਰਤਮਾਨ ਜਨੇਰ ਵੀ ਇਹਨਾਂ ਥੇਹਾਂ ਦੇ ਕਰੀਬ ਵੀਹ ਹੱਥ ਉੱਚੇ ਅਤੇ ਕਰੀਬ 100 ਬਾਈ 70 ਫੁੱਟ ਅਕਾਰ ਦੇ ਟਿੱਲੇ ਉੱਤੇ ਬਿਰਾਜਮਾਨ ਹੈ।

ਇਤਿਹਾਸ ਮੁਤਾਬਿਕ, ਤੇਰ੍ਹਵੀਂ ਸਦੀ 'ਚ 'ਮੰਝ' ਕੁਨਬੇ ਦੇ ਦੋ ਰਾਜਪੂਤ ਫਰਜ਼ੰਦਾਂ ਖਿਲਚੀ ਮੰਝ ਅਤੇ ਸ਼ੇਖ ਚਾਚੋ ਨੇ ਰਾਜਾ ਜਨ ਦੇ ਉੱਤਰਾਅਧਿਕਾਰੀਆਂ ਤੋਂ ਜਨ ਰਾਜ ਦੇ ਹੀ ਇੱਕ ਹੋਰ ਸ਼ਹਿਰ ਹਠੂਰ (ਜਗਰਾਓਂ) ਖੋਹ ਲਿਆ। ਮੰਝ ਕੁਨਬਿਆਂ, ਜਿਹੜੇ ਪਹਿਲਾਂ ਮੁਸਲਮਾਨ ਧਰਮੀ ਨਹੀਂ, ਹਿੰਦੂ ਸਨ, ਨੇ ਸਥਿਤੀਆਂ-ਪ੍ਰਸਥਿਤੀਆਂ ਜਾਂ ਆਪਣੇ ਮੁਫਾਦਾਂ ਤਹਿਤ ਮੁਸਲਮਾਨ ਧਰਮ ਅਖਤਿਆਰ ਕਰਕੇ ਵੱਡੀ ਤਾਕਤ ਅਖਤਿਆਰ ਕਰ ਲਈ। ਉਪਰੰਤ ਉਹਨੀਂ ਭੱਟੀ ਰਾਜਪੂਤਾਂ ਜਿਹੜੇ ਕੋਟਕਪੂਰਾ ਅਤੇ ਫਰੀਦਕੋਟ ਖੇਤਰ, ਜੋ ਲੱਖੀ ਜੰਗਲ ਵੱਜਦਾ ਸੀ, ਦੇ ਵਾਹਿਦ ਮਾਲਕ ਸਨ, ਵਿਰੁੱਧ ਮੁਹਿੰਮ ਆਰੰਭੀ। ਕਿਹਾ ਜਾਂਦਾ ਹੈ ਕਿ ਸ਼ੇਖ ਚਾਚੋ ਦੀ ਵੰਸ਼ ਵਿੱਚੋਂ ਹੀ ਇੱਕ ਯੋਧੇ ਈਸਾ ਖਾਨ ਨੇ ਕੋਟਕਪੂਰੇ ਦੇ ਬਾਨੀ ਨੂੰ ਇਸੇ ਜਨੇਰ ਵਿਖੇ ਬੁਲਾ ਕੇ ਧੋਖੇ ਨਾਲ ਮਾਰ ਦਿੱਤਾ ਸੀ। ਇਸੇ ਈਸੇ ਖਾਨ (ਖਾਂ) ਨੇ, ਯੁੱਧਨੀਤਕ ਦ੍ਰਿਸ਼ਟੀ ਤੋਂ ਜਿਸ ਵਸੇਬ ਵਿੱਚ ਆਪਣਾ ਕੋਟ (ਜੰਗੀ ਗੜ੍ਹੀ ਜਾਂ ਛੋਟਾ ਕਿਲ੍ਹਾ) ਉਸਾਰਿਆ, ਮਗਰੋਂ ਉਹੀ ਪਿੰਡ 'ਕੋਟ ਈਸੇ ਖਾਂ' ਵਜੋਂ ਸੁਪ੍ਰਸਿੱਧ ਹੋ ਗਿਆ।

ਮੁਸਲਿਮ ਤਵਾਰੀਖੀ ਅਲਬਰੂਨੀ ਆਪਣੀ ਪੁਸਤਕ 'ਕਿਤਾਬ-ਉਲ-ਹਿੰਦ' ਵਿੱਚ ਜਨੇਰ ਸ਼ਹਿਰ ਦਾ ਨਾਂਅ 'ਜਜਨੇਰ ਜਾਂ ਹਜਨੇਰ' ਲਿਖਦਾ ਹੈ। ਪੁਸਤਕ 'ਆਇਨ-ਏ-ਅਕਬਰੀ' ਲੇਖਕ ਅਬੁਲ ਫਜ਼ਲ ਅਤੇ ਸਮਸ਼ਿ-ਸਿਰਾਜ ਨਾਂਅ ਦਾ ਲੇਖਕ ਇਸ ਦਾ ਨਾਓਂ 'ਜਨੇਦ' ਦੱਸਦੇ ਹਨ। ਅੰਗਰੇਜ਼ ਹਿਸਟੋਰੀਅਨ ਸਰ ਅਲੈਗਜ਼ੈਂਡਰ ਕਨਿੰਘਮ ਮੁਤਾਬਿਕ, 'ਮੈਨੂੰ, ਇੱਥੋਂ ਗੁਪਤ ਕਾਲ ਤੋਂ ਵੀ ਕਿਤੇ ਪਹਿਲਾਂ ਦੇ ਇੰਡੋ-ਸਿਥੀਅਨ ਕਾਲ ਦੀਆਂ ਸਿਲਾਂ (ਵੱਡ-ਅਕਾਰੀ ਇੱਟਾਂ) ਅਤੇ ਸਿੱਕੇ ਮਿਲੇ ਹਨ।' ਇਹੀ ਨਹੀਂ ਉਸ ਦੇ ਦਾਅਵੇ ਮੁਤਾਬਿਕ, 'ਹੋਰ ਸਿੱਕੇ ਕਾਬੁਲ ਦੇ ਪ੍ਰਸਿੱਧ ਰਾਜਾ ਸੰਮਤ ਦੇਵ, ਕਾਂਗੜਾ ਦੇ ਰਾਜਿਆਂ ਅਤੇ ਮੁਸਲਮਾਨ ਸ਼ਹਿਨਸ਼ਾਹਾਂ ਵੇਲੇ ਦੇ ਹਨ।' ਅਰਥਾਤ ਇਹ ਪ੍ਰਾਚੀਨ ਨਗਰੀ ਬੜੀ ਉੱਘੀ ਤੇ ਤਜ਼ਾਰਤੀ ਨਗਰੀ ਵੀ ਸੀ। ਇਸੇ ਕਾਰਨ ਕਿਹਾ ਇਹ ਵੀ ਜਾਂਦਾ ਹੈ ਕਿ ਇੱਥੇ ਮੁਗਲ ਸਮਰਾਟ ਜਹਾਂਗੀਰ ਨੇ ਟਕਸਾਲ ਵੀ ਸਥਾਪਤ ਕੀਤੀ ਸੀ।

ਇਤਿਹਾਸ-ਮਿਥਿਆਸ ਇਸ ਵਸੇਬ ਦਾ ਨਾਤਾ, ਮਾਤਾ ਸੀਤਾ ਦੇ ਬਾਪ, ਰਾਜਾ ਜਨਕ ਨਾਲ ਜੋੜਦਾ ਹੈ। ਉਸ ਅਨੁਸਾਰ, 'ਜਨਕ ਦੀ ਨਗਰੀ' ਤੋਂ ਹੀ ਇਸ ਦਾ ਨਾਂਅ ਵਿਗੜਦਾ-ਸੰਵਰਦਾ ਜਾਂ ਲਘੂ ਹੁੰਦਾ-ਹੁੰਦਾ 'ਜਨੇਰ' ਬਣ ਗਿਆ ਸੀ। ਮੁਸਲਮਾਨ ਭ੍ਰਮਣਕਾਰਾਂ ਅਤੇ ਬ੍ਰਿਟਿਸ਼ ਖੋਜੀਆਂ ਤੋਂ ਕਿਤੇ ਮਗਰੋਂ ਦੇ ਖੋਜੀਆਂ ਨੂੰ ਇੱਥੋਂ ਹਿੰਦੂ ਅਧਿਆਤਮਵਾਦ ਨਾਲ ਸੰਬੰਧਤ ਬੁੱਤ ਜਾਂ ਮੂਰਤੀਆਂ, ਜਿਹਨਾਂ ਵਿੱਚ ਵਿਸ਼ਨੂੰ ਭਗਵਾਨ 10ਵੀਂ-11ਵੀਂ ਸਦੀ ਦੀ ਅਤੇ ਵਰਾਹ ਅਵਤਾਰ ਦੀਆਂ ਮੂਰਤੀਆਂ ਵੀ ਦੱਸੀਆਂ ਗਈਆਂ, ਮਿਲੀਆਂ। ਇਹਨਾਂ ਪੁਰਾਤੱਤਵ ਖੋਜੀਆਂ ਨੇ ਕੁੱਝ ਕੰਧ ਚਿੰਨ੍ਹਾਂ ਨੂੰ ਉਹਨਾਂ ਬੁੱਧ ਮੱਤ ਨਾਲ ਸੰਬੰਧਤ ਵੀ ਦੱਸਿਆ। ਗੱਲ ਕੀ, ਇਹ ਸਭ ਕਥਨ ਅਤੇ ਗੱਲਾਂ ਜਨੇਰ ਦੀ ਗੂੜ੍ਹੀ ਤਾਰੀਖ ਦੀਆਂ ਬਾਤਾਂ ਪਾਉਂਦੀਆਂ ਹਨ।

ਮੋਬਾ. 94634-39075

# ਪੰਜਾਬ ਦੀ ਤਰਲ ਧਾਰਮਿਕਤਾ ਦਾ ਪ੍ਰਤੀਕ : 'ਸਾਂਝੀ'

**ਅਮਨਦੀਪ ਕੌਰ**

ਪੰਜਾਬੀ ਸੱਭਿਆਚਾਰ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਸ ਦੀ ਤਰਲ ਧਾਰਮਿਕਤਾ ਅਤੇ 'ਸਾਂਝੀਵਾਲਤਾ' ਹੈ, ਜਿੱਥੇ ਧਰਮ ਦੇ ਤੰਗ ਘੇਰੇ, ਕੱਟੜਤਾ ਅਤੇ ਸੰਪਰਦਾਇਕ ਵਖਰੇਵੇਂ ਲੋਕ-ਜੀਵਨ ਦੀਆਂ ਪਰੰਪਰਾਵਾਂ ਅੱਗੇ ਫਿੱਕੇ ਪੈ ਜਾਂਦੇ ਹਨ। ਪੰਜਾਬੀ ਧਾਰਮਿਕਤਾ ਕਦੇ ਵੀ ਕਿਸੇ ਇਕ ਸੰਸਥਾ, ਗ੍ਰੰਥ ਜਾਂ ਵਿਸ਼ੇਸ਼ ਪੁਰੋਹਿਤ ਵਰਗ ਦੀ ਗ਼ੁਲਾਮ ਨਹੀਂ ਰਹੀ, ਸਗੋਂ ਇਹ ਲੋਕਾਂ ਦੇ ਆਮ ਜੀਵਨ, ਉਨ੍ਹਾਂ ਦੇ ਦੁੱਖਾਂ-ਸੁੱਖਾਂ, ਖੇਤੀਬਾੜੀ ਅਤੇ ਭਾਈਚਾਰਕ ਸਾਂਝ ਨਾਲ ਘੁਲੀ-ਮਿਲੀ ਰਹੀ ਹੈ। ਪੰਜਾਬ ਵਿਚਲੀ 'ਸਾਂਝੀਵਾਲਤਾ' ਅਤੇ ਲੋਕ-ਵਿਸ਼ਵਾਸ ਦੀ ਸਭ ਤੋਂ ਨਿਵੇਕਲੀ ਅਤੇ ਖੂਬਸੂਰਤ ਉਦਾਹਰਣ ਹੈ; 'ਸਾਂਝੀ' ਦੇਵੀ ਦੀ ਪੂਜਾ। 'ਸਾਂਝੀ' ਦੇਵੀ ਦੀ ਪੂਜਾ ਨਰਾਤਿਆਂ ਦੇ ਦਿਨਾਂ ਵਿਚ ਕੀਤੀ ਜਾਂਦੀ ਹੈ। ਨਰਾਤਿਆਂ ਦੇ ਦਿਨਾਂ ਵਿੱਚ ਪੰਜਾਬ ਦੇ ਪਿੰਡਾਂ, ਖਾਸ ਕਰਕੇ ਮਾਲਵਾ ਖੇਤਰ ਵਿਚ ਨਿਭਾਈ ਜਾਣ ਵਾਲੀ 'ਸਾਂਝੀ' ਦੀ ਰੀਤ ਭਾਰਤ ਦੇ ਹੋਰਨਾਂ ਪ੍ਰਾਂਤਾਂ ਵਿੱਚ ਕੀਤੀ ਜਾਂਦੀ ਦੁਰਗਾ ਪੂਜਾ ਜਾਂ ਨਵਰਾਤਰੀ ਨਾਲੋਂ ਵਿਲੱਖਣ ਹੈ। ਇਹ ਪਰੰਪਰਾਗਤ ਰੀਤ ਦਰਸਾਉਂਦੀ ਹੈ ਕਿ ਪੰਜਾਬੀਆਂ ਦੀ ਧਾਰਮਿਕਤਾ ਕਿਸੇ ਵਿਸ਼ੇਸ਼ ਧਾਰਮਿਕ ਫਿਰਕੇ ਤੱਕ ਸੀਮਤ ਨਹੀਂ ਹੈ, ਸਗੋਂ ਇਹ ਪੂਰੇ ਪਿੰਡ ਅਤੇ ਭਾਈਚਾਰੇ ਦੀ 'ਸਾਂਝੀ' ਸੱਭਿਆਚਾਰਕ ਵਿਰਾਸਤ ਹੈ। ਪੰਜਾਬ, ਭਾਰਤ ਤੋਂ ਬਾਹਰ ਵਸਦੇ ਲੋਕ ਨਰਾਤਿਆਂ ਅਤੇ ਦੁਰਗਾ ਪੂਜਾ ਨੂੰ ਹਿੰਦੂਆਂ ਦੇ ਤਿਉਹਾਰ ਤੱਕ ਸੀਮਿਤ ਕਰਕੇ ਦੇਖਦੇ ਹਨ, ਜਦਕਿ ਪੰਜਾਬ ਵਿਚ ਇਹ ਸਿਰਫ ਦੁਰਗਾ ਪੂਜਾ ਤੱਕ ਸੀਮਿਤ ਨਹੀਂ ਹੈ।

ਪੰਜਾਬ ਦੇ ਪੇਂਡੂ ਸੱਭਿਆਚਾਰ ਵੱਲ ਦੇਖੀਏ ਤਾਂ 'ਸਾਂਝੀ' ਦੇਵੀ ਦੀ ਮਾਨਤਾ ਪੰਜਾਬ ਦੀ ਸਾਂਝੀ ਵਿਰਾਸਤ ਦਾ ਪ੍ਰਤੀਕ ਹੈ। ਦੇਖਿਆ ਜਾਵੇ ਤਾਂ ਸ਼ਬਦ ਦਾ ਅੱਖਰੀ ਅਰਥ ਹੀ ਸਾਂਝ, ਸਮੂਹਿਕਤਾ ਅਤੇ ਸਾਂਝੇਪਣ ਤੋਂ ਹੈ। ਇਹ ਨਾਂਅ ਹੀ ਇਸ ਗੱਲ ਦਾ ਪ੍ਰਤੀਕ ਹੈ ਕਿ ਇਹ ਦੇਵੀ ਕਿਸੇ ਇਕ ਵਿਸ਼ੇਸ਼ ਫਿਰਕੇ, ਮੰਦਰ ਜਾਂ ਉੱਚ ਜਾਤੀ ਦੀ ਦੇਵੀ ਨਹੀਂ, ਸਗੋਂ ਪੂਰੇ ਪਿੰਡ, ਅਤੇ ਧਰਮਾਂ ਦੀਆਂ ਸੀਮਾਵਾਂ ਤੋਂ ਪਾਰ 'ਸਾਂਝੀ' ਮਾਈ ਹੈ। ਮਾਲਵੇ ਵਿਚ ਇਨ੍ਹਾਂ ਦਿਨਾਂ ਵਿਚ 'ਸਾਂਝੀ' ਦੇਵੀ ਜਿਸ ਨੂੰ ਗੌਰਜਾ ਦੇਵੀ, 'ਸਾਂਝੀ' ਮਾਈ ਆਦਿ ਨਾਵਾਂ ਨਾਲ ਸੰਬੋਧਿਤ ਹੋਇਆ ਜਾਂਦਾ ਹੈ, ਦੀ ਪੂਜਾ ਕੀਤੀ ਜਾਂਦੀ ਹੈ। ਇਸ ਨੂੰ ਦੁਰਗਾ ਦੇਵੀ ਦਾ ਸਥਾਨਕ ਰੂਪ ਕਿਹਾ ਜਾ ਸਕਦਾ ਹੈ ਜਾਂ ਹੋ ਸਕਦਾ ਹੈ ਕਿ 'ਸਾਂਝੀ' ਕੋਈ ਸਥਾਨਕ ਲੋਕ-ਦੇਵੀ ਹੋਵੇ, ਜੋ ਸਮਾਂ ਪਾ ਕੇ ਦੁਰਗਾ ਦੇ ਸਰਵ ਪ੍ਰਵਾਨਿਤ ਰੂਪ ਵਿਚ ਸੰਮਿਲਿਤ ਹੋ ਗਈ ਹੋਵੇ। ਪਿੰਡਾਂ ਵਿਚ ਸੁਆਣੀਆਂ ਇਸ ਨੂੰ ਉਚੇਚੇ ਤੌਰ 'ਤੇ ਆਪਣੇ ਹੱਥਾਂ ਨਾਲ ਬਣਾਉਂਦੀਆਂ ਹਨ, ਜੋ ਪੰਜਾਬ ਦੀ ਕਲਾਕ੍ਰਿਤੀ ਦਾ ਇਕ ਉੱਤਮ ਨਮੂਨਾ ਹੋ ਨਿੱਬੜਦਾ ਹੈ। ਮੂਰਤੀ ਦੇ ਨਾਲ-ਨਾਲ ਉਸ ਦੀਆਂ ਸਹੇਲੀਆਂ, ਪਹਿਰੇਦਾਰ, ਚੰਦਰਮਾ ਅਤੇ ਸੂਰਜ ਵੀ ਬਣਾਏ ਜਾਂਦੇ ਹਨ, ਜੋ ਪੰਜਾਬੀ ਲੋਕ-ਜੀਵਨ ਦੀ ਖੁੱਲ੍ਹ-ਦਿਲੀ, ਸੱਭਿਅਤਾਮੂਲਕ ਅਨੁਸ਼ਾਸਨ, ਕੁਦਰਤ ਨਾਲ ਸਾਂਝ ਅਤੇ ਸਮਾਜਿਕ ਰਿਸ਼ਤਿਆਂ ਨੂੰ ਦਰਸਾਉਂਦੇ ਹਨ।

ਪਿੰਡਾਂ ਵਿਚ 'ਸਾਂਝੀ' ਲਗਾਉਣ ਦੇ ਮੁੱਖ ਰੂਪ ਵਿਚ ਦੋ ਰੂਪ ਦੇਖਣ ਨੂੰ ਮਿਲਦੇ ਹਨ। ਕਈ ਘਰਾਂ ਵਿਚ 'ਸਾਂਝੀ' ਲਗਾਈ ਜਾਂਦੀ ਹੈ, ਜੋ ਆਕਾਰ ਵਿਚ ਕਾਫ਼ੀ ਵੱਡੀ ਹੁੰਦੀ ਹੈ। ਕਈ ਘਰਾਂ ਵਿਚ 'ਸਾਂਝੀ' ਦਾ ਛੋਟਾ ਰੂਪ ਲਗਾਇਆ ਜਾਂਦਾ ਹੈ, ਜਿਸ ਨੂੰ 'ਬਰੋਟਾ' ਆਖਿਆ ਜਾਂਦਾ ਹੈ। 'ਸਾਂਝੀ' ਇਕ ਹੀ ਲਗਾਈ ਜਾਂਦੀ ਹੈ, ਜਦਕਿ ਬਰੋਟਿਆਂ ਦੀ ਗਿਣਤੀ ਇਕ ਤੋਂ ਲੈ ਕੇ ਪੰਜ-ਛੇ ਤੱਕ ਹੋ ਸਕਦੀ ਹੈ। ਬਰੋਟੇ ਵਿਚ ਚੰਨ, ਸੂਰਜ, ਤਾਰੇ, ਚਿੜੀਆਂ, ਮੋਰ ਆਦਿ ਕੁਦਰਤੀ ਵਰਤਾਰਿਆਂ ਦੀ ਪ੍ਰਮੁਖਤਾ ਹੁੰਦੀ ਹੈ ਜਦਕਿ 'ਸਾਂਝੀ' ਵਿਚ ਇਹਨਾਂ ਦੇ ਸਮੇਤ ਦੇਵੀ ਦਾ ਮੁੱਖ, ਹੱਥ-ਪੈਰ, ਚੁੰਨੀ, ਝਾਂਜਰਾਂ ਆਦਿ ਵੀ ਸ਼ਾਮਲ ਕੀਤੇ ਜਾਂਦੇ ਹਨ। ਦਿਲਚਸਪ ਗੱਲ ਇਹ ਹੈ ਕਿ ਪੰਜਾਬੀ ਲੋਕਧਾਰਾ ਵਿਚ ਸ਼ਰਾਧਾਂ ਦੇ ਦਿਨਾਂ ਵਿਚ ਕੋਈ ਵੀ ਸ਼ੁੱਭ ਕੰਮ ਕਰਨ ਜਾਂ ਸ਼ੁਰੂਆਤ ਕਰਨ ਤੋਂ ਗੁਰੇਜ਼ ਕੀਤਾ ਜਾਂਦਾ ਹੈ ਪਰ 'ਸਾਂਝੀ' ਬਣਾਉਣ ਦੀ ਤਿਆਰੀ ਸ਼ਰਾਧਾਂ ਦੇ ਦਿਨਾਂ ਵਿਚ ਹੀ ਕੀਤੀ ਜਾਂਦੀ ਹੈ। ਅੱਸੂ ਵਦੀ ਸੱਤੇ ਨੂੰ ਸੱਤ ਟਿਕੀਆਂ (ਤਾਰੇ) ਬਣਾ ਕੇ 'ਸਾਂਝੀ' ਬਣਾਉਣ ਦਾ ਆਗਾਜ਼ ਕੀਤਾ ਜਾਂਦਾ ਹੈ। ਇਸ ਤੋਂ ਬਾਅਦ 'ਸਾਂਝੀ' ਬਣਾਉਣ ਅਤੇ ਰੰਗਣ ਦਾ ਸਿਲਸਿਲਾ ਚਲਦਾ ਰਹਿੰਦਾ ਹੈ। ਮੱਸਿਆ ਵਾਲੇ ਦਿਨ 'ਸਾਂਝੀ' ਨੂੰ ਕੰਧ ਉੱਤੇ ਲਗਾਇਆ ਜਾਂਦਾ ਹੈ। 'ਸਾਂਝੀ' ਦੇ ਪੈਰਾਂ ਹੇਠ 'ਸਾਂਝੀ' ਦੀ ਜੌਆਂ ਦੀ ਖੇਤਰੀ ਬੀਜੀ ਜਾਂਦੀ ਹੈ ਅਤੇ ਇਸ ਦੇ ਨਾਲ ਹੀ ਤਿੰਨ ਜਾਂ ਪੰਜ ਭਾਂਡਿਆਂ ਵਿਚ ਹੋਰ ਖੇਤਰੀ ਬੀਜੀ ਜਾਂਦੀ ਹੈ। ਨਰਾਤਿਆਂ ਦੇ ਨੌਂ ਦਿਨਾਂ ਤੱਕ ਸ਼ਾਮ ਨੂੰ 'ਸਾਂਝੀ' ਦੀ ਆਰਤੀ ਕੀਤੀ ਜਾਂਦੀ ਹੈ ਅਤੇ ਉਸ ਦੀ ਮਹਿਮਾ ਦੇ ਗੀਤ ਗਾਏ ਜਾਂਦੇ ਹਨ। 'ਸਾਂਝੀ' ਦੇ ਭੋਗ ਵਜੋਂ ਪੰਜੀਰੀ ਰਲਾਈ ਜਾਂਦੀ ਹੈ, ਜੋ ਆਰਤੀ ਤੋਂ ਬਾਅਦ ਵੰਡ ਦਿੱਤੀ ਜਾਂਦੀ ਹੈ।

'ਸਾਂਝੀ' ਦੀ ਪੂਜਾ ਵਿੱਚ ਧਾਰਮਿਕ ਵੈਰ-ਵਿਰੋਧ, ਛੂਤ-ਛਾਤ ਜਾਂ ਫਿਰਕੂ ਵਖਰੇਵੇਂ ਲਈ ਕੋਈ ਥਾਂ ਨਹੀਂ ਹੁੰਦੀ। ਇਹ ਤਿਉਹਾਰ ਇਸ ਗੱਲ ਦਾ ਸਭ ਤੋਂ ਵੱਡਾ ਪ੍ਰਮਾਣ ਹੈ ਕਿ ਪੰਜਾਬ ਵਿੱਚ ਨਰਾਤੇ ਸਿਰਫ਼ ਹਿੰਦੂ ਭਾਈਚਾਰੇ ਦਾ ਧਾਰਮਿਕ ਤਿਉਹਾਰ ਨਹੀਂ ਹਨ। ਪਿੰਡ ਦੇ ਸਾਂਝੇ ਵਿਹੜਿਆਂ ਵਿੱਚ ਸ਼ਾਮ ਵੇਲੇ ਪਿੰਡ ਦੀਆਂ ਸਾਰੀਆਂ ਕੁੜੀਆਂ ਇਕੱਠੀਆਂ ਹੁੰਦੀਆਂ ਹਨ, ਭਾਵੇਂ ਉਹ ਹਿੰਦੂ ਪਰਵਾਰਾਂ ਨਾਲ ਸੰਬੰਧਤ ਹੋਣ, ਸਿੱਖ ਪਰਵਾਰਾਂ ਨਾਲ ਹੋਣ ਜਾਂ ਪਿੰਡ ਦੇ ਕਿਸੇ ਵੀ ਹੋਰ ਫਿਰਕੇ ਨਾਲ। ਸਾਰੇ ਬੱਚੇ ਅਤੇ ਕੁੜੀਆਂ ਬਿਨਾਂ ਕਿਸੇ ਭੇਦਭਾਵ ਦੇ 'ਸਾਂਝੀ' ਮਾਈ ਦੇ ਸਾਹਮਣੇ ਦੀਵਾ ਬਾਲ ਕੇ ਬੈਠਦੀਆਂ ਹਨ। ਇਸ ਪੂਜਾ ਵਿੱਚ ਕੋਈ ਪੁਰੋਹਿਤ ਜਾਂ ਬ੍ਰਾਹਮਣ ਨਹੀਂ ਹੁੰਦਾ ਅਤੇ ਨਾ ਹੀ ਕੋਈ ਪੂਜਾ-ਪੱਧਤੀ ਥੋਪੀ ਜਾਂਦੀ ਹੈ। 'ਸਾਂਝੀ' ਅੱਗੇ ਗਾਏ ਜਾਣ ਵਾਲੇ ਗੀਤਾਂ ਵਿੱਚ ਕੋਈ ਕੱਟੜ ਧਾਰਮਿਕ ਮੰਤਰ ਨਹੀਂ ਹੁੰਦੇ, ਸਗੋਂ ਪੰਜਾਬ ਦੀਆਂ ਧੀਆਂ ਦੇ ਮਨ ਦੇ ਵਲਵਲੇ, ਵੀਰਾਂ ਦੀ ਲੰਮੀ ਉਮਰ ਦੀਆਂ ਸੁੱਖਾਂ, ਖੇਤਾਂ ਦੀ ਹਰਿਆਲੀ ਅਤੇ ਪਰਵਾਰਕ ਸੁੱਖ-ਸ਼ਾਂਤੀ ਦੀਆਂ ਅਰਦਾਸਾਂ ਹੁੰਦੀਆਂ ਹਨ। ਪੰਜਾਬੀ ਭਾਈਚਾਰੇ ਵਿਚ 'ਸਾਂਝੀ' ਧੀ ਦਾ ਰੂਪ ਮੰਨੀ ਜਾਂਦੀ ਹੈ। ਪੰਜਾਬੀ ਲੋਕਧਾਰਾ ਵਿਚ ਮੰਨਿਆ ਜਾਂਦਾ ਹੈ ਕਿ 'ਸਾਂਝੀ' ਨਰਾਤਿਆਂ ਦੇ ਦਿਨਾਂ ਵਿਚ ਆਪਣੇ ਪੇਕੇ ਘਰ ਆਉਂਦੀ ਹੈ। ਇਨ੍ਹਾਂ ਗੀਤਾਂ ਵਿੱਚ ਭਰਾਵਾਂ ਲਈ ਪਿਆਰ, ਘਰ ਵਿੱਚ ਅੰਨ-ਧਨ ਦੇ ਭੰਡਾਰ ਭਰਪੂਰ ਹੋਣ ਦੀ ਕਾਮਨਾ ਅਤੇ ਸਮੁੱਚੇ ਪਿੰਡ ਦੀ ਸੁੱਖ-ਸ਼ਾਂਤੀ ਦੀ ਅਰਦਾਸ ਹੁੰਦੀ ਹੈ। ਇਸ ਵਿੱਚ ਕਿਸੇ ਦੈਂਤ ਦਾ ਸੰਹਾਰ ਕਰਨ ਜਾਂ ਸ਼ਕਤੀ ਦੇ ਖ਼ੂਨੀ ਰੂਪ ਦੀ ਪੂਜਾ ਨਹੀਂ ਹੁੰਦੀ, ਸਗੋਂ ਮਮਤਾ, ਸਿਰਜਣਾ ਅਤੇ ਸਾਂਝ ਦੀ ਗੱਲ ਹੁੰਦੀ ਹੈ।

ਭਾਰਤ ਦੇ ਹੋਰਨਾਂ ਪ੍ਰਾਂਤਾਂ ਨਾਲ ਤੁਲਨਾ ਕੀਤੀ ਜਾਵੇ ਤਾਂ ਪੰਜਾਬ ਦੀ 'ਸਾਂਝੀ' ਪੂਜਾ ਦਾ ਸਰੂਪ ਬਿਲਕੁਲ ਵੱਖਰਾ ਨਜ਼ਰ ਆਉਂਦਾ ਹੈ। ਬੰਗਾਲ ਵਿੱਚ ਦੁਰਗਾ ਪੂਜਾ ਜਾਂ ਗੁਜਰਾਤ ਵਿੱਚ ਗਰਬਾ ਅਤੇ ਉੱਤਰ ਪ੍ਰਦੇਸ਼ ਵਿੱਚ ਨਵਰਾਤਰੀ ਮੁੱਖ ਤੌਰ 'ਤੇ ਸ਼ਾਸਤਰੀ ਰੀਤੀ-ਰਿਵਾਜਾਂ, ਵਿਸ਼ਾਲ ਪੰਡਾਲਾਂ, ਭਾਰੀ ਮੂਰਤੀਆਂ ਅਤੇ ਸ਼ਕਤੀ ਪੂਜਾ ਦੁਆਲੇ ਘੁੰਮਦੀ ਹੈ। ਉੱਥੇ ਪੁਰੋਹਿਤ ਵਰਗ ਦਾ ਬੋਲਬਾਲਾ ਹੁੰਦਾ ਹੈ ਅਤੇ ਸਨਾਤਨੀ ਧਾਰਮਿਕ ਨਿਯਮਾਂ ਦਾ ਸਖ਼ਤੀ ਨਾਲ ਪਾਲਣ ਕੀਤਾ ਜਾਂਦਾ ਹੈ। ਇਸ ਦੇ ਉਲਟ, ਪੰਜਾਬ ਖਾਸ ਕਰਕੇ ਮਾਲਵੇ ਵਿੱਚ 'ਸਾਂਝੀ' ਪੂਜਾ ਦਾ ਸਾਰਾ ਕੰਮ ਔਰਤਾਂ ਅਤੇ ਕੁੜੀਆਂ ਦੇ ਹੱਥਾਂ ਵਿੱਚ ਹੁੰਦਾ ਹੈ। ਇਹ ਪੂਜਾ ਮੰਦਰਾਂ ਦੀ ਥਾਂ ਘਰਾਂ ਦੀਆਂ ਕੰਧਾਂ 'ਤੇ ਹੁੰਦੀ ਹੈ।

ਦੁਸਹਿਰੇ ਵਾਲੇ ਦਿਨ ਸੁਵੱਖਤੇ 'ਸਾਂਝੀ' ਦਾ ਕਿਸੇ ਨੇੜਲੇ ਪਾਣੀ ਦੇ ਸਰੋਤ ਟੋਭੇ, ਛੱਪੜ, ਸੂਏ ਜਾਂ ਨਹਿਰ ਵਿਚ ਵਿਸਰਜਨ ਕਰ ਦਿੱਤਾ ਜਾਂਦਾ ਹੈ। ਕੁਦਰਤ ਦੀ ਮਿੱਟੀ ਤੋਂ ਬਣੀ ਹੋਈ 'ਸਾਂਝੀ' ਕੁਦਰਤ ਦੇ ਵਿਚ ਘੁਲ ਜਾਂਦੀ ਹੈ। ਬੀਜੀ ਹੋਈ ਖੇਤਰੀ ਜੇਕਰ ਵਧੀਆ ਉੱਗ ਆਵੇ ਤਾਂ ਆਉਣ ਵਾਲੀ ਫ਼ਸਲ ਦੇ ਚੰਗੇ ਹੋਣ ਅਤੇ ਖੁਸ਼ਹਾਲੀ ਦਾ ਸੰਕੇਤ ਮੰਨੀ ਜਾਂਦੀ ਹੈ। ਇਹਨਾਂ ਹਰੇ ਕਚੂਰ ਜੌਆਂ ਨੂੰ ਕੁੜੀਆਂ ਆਪਣੇ ਘਰ ਦੇ ਮਰਦ ਜੀਆਂ ਦੇ ਸਿਰਾਂ ਉਪਰ ਟੰਗਦੀਆਂ ਹਨ, ਇਸ ਦੇ ਬਦਲੇ ਉਨ੍ਹਾਂ ਨੂੰ ਸ਼ਗਨ ਦਿੱਤਾ ਜਾਂਦਾ ਹੈ। ਇਹ ਅਭਿਆਸ ਦਰਸਾਉਂਦਾ ਹੈ ਕਿ ਪੰਜਾਬ ਦੀ ਲੋਕ-ਧਾਰਮਿਕਤਾ ਭੂਮੀ, ਖੇਤੀ ਅਤੇ ਕੁਦਰਤ ਦੇ ਚੱਕਰ ਨਾਲ ਕਿੰਨੀ ਗੂੜ੍ਹੀ ਜੁੜੀ ਹੋਈ ਹੈ।

ਪੰਜਾਬ ਦੇ ਇਤਿਹਾਸਕ ਅਤੇ ਸਮਾਜਿਕ ਪਿਛੋਕੜ ਨੂੰ ਦੇਖੀਏ ਤਾਂ ਪੰਜਾਬ ਵਿੱਚ ਸੂਫ਼ੀਵਾਦ ਅਤੇ ਲੋਕ-ਧਰਮ ਨੇ ਮਿਲ ਕੇ ਇਕ ਅਜਿਹਾ ਸਮਾਜ ਸਿਰਜਿਆ, ਜਿੱਥੇ ਕੱਟੜਤਾ ਦੀਆਂ ਨਿਖੇੜੂ ਦੀਵਾਰਾਂ ਹਮੇਸ਼ਾ ਢਹਿ-ਢੇਰੀ ਹੁੰਦੀਆਂ ਰਹੀਆਂ। 'ਸਾਂਝੀ' ਦੇਵੀ ਦੀ ਪੂਜਾ ਇਸੇ ਤਰਲ ਧਾਰਮਿਕਤਾ ਦੀ ਇੱਕ ਜਿਉਂਦੀ-ਜਾਗਦੀ ਮਿਸਾਲ ਹੈ। ਇੱਥੇ ਹਿੰਦੂ, ਸਿੱਖ ਜਾਂ ਕਿਸੇ ਵੀ ਹੋਰ ਪਛਾਣ ਵਾਲੇ ਪਰਵਾਰ ਆਪਣੇ ਬੱਚਿਆਂ ਨੂੰ ਇਸ ਲੋਕ-ਗੀਤ ਵਿੱਚ ਸ਼ਾਮਲ ਹੋਣ ਤੋਂ ਨਹੀਂ ਰੋਕਦੇ, ਕਿਉਂਕਿ ਇਸ ਨੂੰ ਕਿਸੇ ਇਕ ਧਰਮ ਦੇ ਪ੍ਰਚਾਰ ਵਜੋਂ ਨਹੀਂ, ਸਗੋਂ ਪਿੰਡ ਦੀ 'ਸਾਂਝੀ' ਪਰੰਪਰਾ ਵਜੋਂ ਦੇਖਿਆ ਜਾਂਦਾ ਹੈ।

'ਸਾਂਝੀ' ਦੀ ਪੂਜਾ ਸਾਨੂੰ ਯਾਦ ਦਿਵਾਉਂਦੀ ਹੈ ਕਿ ਸਾਡੇ ਲੋਕ-ਤਿਉਹਾਰ ਸੰਕੀਰਨ ਧਾਰਮਿਕ ਸੀਮਾਵਾਂ ਨਾਲ ਨਹੀਂ, ਸਗੋਂ ਭਾਈਚਾਰਕ ਸਾਂਝ, ਕਲਾਤਮਿਕ ਸਿਰਜਣਾ ਅਤੇ ਕੁਦਰਤ ਦੇ ਨਜ਼ਦੀਕ ਰਹਿ ਕੇ ਜਿਉਂਦੇ ਰਹਿੰਦੇ ਹਨ। ਇਹ ਪੰਜਾਬ ਦੀ ਉਸ ਮਹਾਨ ਵਿਰਾਸਤ ਦਾ ਪ੍ਰਤੀਕ ਹੈ, ਜਿੱਥੇ ਧਰਮ ਮਨੁੱਖਾਂ ਨੂੰ ਵੰਡਣ ਦਾ ਜ਼ਰੀਆ ਨਹੀਂ, ਸਗੋਂ ਜੋੜਨ ਦੀ 'ਸਾਂਝੀ' ਤੰਦ ਬਣਦਾ ਹੈ। ਪੰਜਾਬ ਦੀ ਇਹ ਲੋਕ-ਧਾਰਮਿਕਤਾ ਸਾਨੂੰ ਸਿਖਾਉਂਦੀ ਹੈ ਕਿ ਸੱਭਿਆਚਾਰਕ ਸਾਂਝ ਹੀ ਸਮਾਜ ਦੀ ਅਸਲ ਤਾਕਤ ਹੈ, ਜੋ ਹਰ ਤਰ੍ਹਾਂ ਦੇ ਫਿਰਕੂ ਵਖਰੇਵਿਆਂ ਤੋਂ ਉੱਪਰ ਉੱਠ ਕੇ ਮਨੁੱਖਤਾ ਨੂੰ ਇੱਕ ਪ੍ਰੌੜ੍ਹ ਅਤੇ ਸੁੰਦਰ ਰੂਪ ਪ੍ਰਦਾਨ ਕਰਦੀ ਹੈ। ਆਧੁਨਿਕਤਾ, ਸ਼ਹਿਰੀਕਰਨ ਅਤੇ ਬਾਜ਼ਾਰੂ ਪ੍ਰਭਾਵਾਂ ਦੇ ਆਉਣ ਨਾਲ ਅੱਜਕੱਲ੍ਹ ਬਣੀ-ਬਣਾਈ 'ਸਾਂਝੀ' ਬਜ਼ਾਰੋਂ ਮਿਲਣ ਲੱਗ ਪਈ ਹੈ। ਲੋਕ ਦੇਵੀ ਦੀਆਂ ਮੂਰਤਾਂ ਬਜ਼ਾਰੋਂ ਖਰੀਦਣ ਨੂੰ ਪਹਿਲ ਦੇਣ ਲੱਗ ਗਏ ਹਨ। ਇਸ ਦਾ ਇਹ ਨੁਕਸਾਨ ਹੈ ਕਿ ਇਹ ਪਲਾਸਟਿਕ ਜਾਂ ਇਸ ਦੇ ਵਰਗੀ ਧਾਤ ਦੇ ਬਣੇ ਹੁੰਦੇ ਹਨ, ਜਿਹੜੇ ਕਿ ਪਾਣੀ ਅਤੇ ਹਵਾ ਪ੍ਰਦੂਸ਼ਣ ਦਾ ਕਾਰਨ ਬਣਦੇ ਹਨ, ਪਰ ਇਸ ਪਰੰਪਰਾ ਦਾ ਰੂਹਾਨੀ ਅਤੇ ਸਮਾਜਿਕ ਸੁਨੇਹਾ ਅੱਜ ਵੀ ਓਨਾ ਹੀ ਮਹੱਤਵਪੂਰਨ ਹੈ।

ਸੰਪਰਕ 99144-92258

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Executive Editor : **Resham Singh** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਕਾਰਜਕਾਰੀ ਸੰਪਾਦਕ : **ਰੇਸ਼ਮ ਸਿੰਘ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।
**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ** : nawanzamana@gmail.com * Web : www.nawanzamana.in

# ਬਲਜਿੰਦਰ ਕੌਰ ਸ਼ੇਰਗਿੱਲ ਦੀਆਂ ਕਵਿਤਾਵਾਂ



## ਖਿਆਲ

ਮੈਨੂੰ ਮੇਰਾ ਖਿਆਲ ਕਹਿੰਦਾ,
ਖਿਆਲ ਰੱਖੀਂ ਆਪਣਾ,
ਹਰ ਕੋਈ ਤੇਰੇ ਦਰਦ ਨੂੰ ਸਮਝਣ ਵਾਲਾ ਨਹੀਂ ਮਿਲੇਗਾ
ਧਿਆਨ ਰੱਖੀਂ ਤੂੰ ਆਪਣਾ।
ਮੈਂ ਪੁੱਛਿਆ
ਫਿਰ ਮੇਰੇ ਹੰਝੂ ਕੌਣ ਪੂੰਝੇਗਾ ?
ਖਿਆਲ ਚੁੱਪ ਹੋ ਗਿਆ।
ਫੇਰ ਮੇਰੀ ਰੂਹ ਨੇ ਹੌਲੀ ਜਿਹੀ ਨੇੜੇ ਆ ਆਖਿਆ
ਜਿਸ ਰੱਬ ਨੇ ਤੈਨੂੰ ਏਨੇ ਦਰਦਾਂ ਵਿਚੋਂ ਲੰਘਾਇਆ ਹੈ,
ਉਹੀ ਇੱਕ ਦਿਨ ਤੇਰੇ ਜ਼ਖ਼ਮਾਂ 'ਤੇ
ਆਪਣੀ ਰਹਿਮਤ ਦਾ ਮਰਹਮ ਵੀ ਰੱਖੇਗਾ।

## ਜੇ ਮੈਂ

ਜੇ ਮੈਂ ਬੋਲ ਨਾ ਸਕੀ, ਤਾਂ ਕੀ ਹੋਇਆ,
ਤੂੰ ਮੇਰੀ ਖ਼ਾਮੋਸ਼ੀ ਨੂੰ ਤਾਂ ਸੁਣਦਾ ਰਿਹਾ।
ਜੇ ਮੈਂ ਇਕੱਲੀ ਰਹਿ ਗਈ, ਤਾਂ ਕੀ ਹੋਇਆ,
ਤੂੰ ਤਾਂ ਬਣ ਕੇ ਮੇਰਾ ਪਰਛਾਵਾ ਰਿਹਾ।
ਮੇਰੀ ਦਾਸਤਾਨ ਕਿਸੇ ਨਾ ਸਮਝੀ, ਤਾਂ ਕੀ ਹੋਇਆ,
ਤੇਰਾ ਹੱਥ ਤਾਂ ਮੇਰੇ ਸਿਰ ਉਤੇ ਹਮੇਸ਼ਾ ਰਿਹਾ।
ਜੇ ਮੈਂ ਬੇਵਜ੍ਹਾ ਪੀੜ ਝੱਲੀ, ਤਾਂ ਕੀ ਹੋਇਆ,
ਤੂੰ ਮੈਨੂੰ ਟੁੱਟਦੀ ਨੂੰ ਜੋੜਦਾ ਵੀ ਤਾਂ ਰਿਹਾ।
ਜੇ ਮੈਂ ਤੈਨੂੰ ਕਦੇ ਅੱਖੀਂ ਨਹੀਂ ਦੇਖਿਆ, ਤਾਂ ਕੀ ਹੋਇਆ,
ਮੇਰਾ ਦਿਲ ਤਾਂ ਤੈਨੂੰ ਹਰ ਪਲ ਮਹਿਸੂਸ ਕਰਦਾ ਰਿਹਾ।
ਜੇ ਮੈਂ ਬੋਲ ਨਾ ਸਕੀ, ਤਾਂ ਕੀ ਹੋਇਆ,
ਤੂੰ ਮੇਰੀ ਖ਼ਾਮੋਸ਼ੀ ਨੂੰ ਤਾਂ ਸੁਣਦਾ ਰਿਹਾ।

## ਸਾਥੋਂ ਬੋਲਿਆ ਨ੍ਹੀਂ ਜਾਣਾ

ਬੋਲ ਕੇ ਕੀ ਦੱਸਾਂ, ਸਾਥੋਂ ਬੋਲਿਆ ਨ੍ਹੀਂ ਜਾਣਾ,
ਦਰਦ ਦਿਲਾਂ ਦਾ ਸਾਥੋਂ ਖੋਲ੍ਹਿਆ ਨ੍ਹੀਂ ਜਾਣਾ।
ਸਾਡਾ ਪਿਆਰ ਕਿਸੇ ਤੱਕੜੀ 'ਚ ਤੋਲਿਆ ਨ੍ਹੀਂ ਜਾਣਾ,
ਐਰੇ-ਗੈਰੇ 'ਤੇ ਸਾਥੋਂ ਪਿਆਰ ਡੋਲਿਆ ਨ੍ਹੀਂ ਜਾਣਾ।
ਦਿਲ 'ਚ ਤੂੰ ਹੀ ਵਸਿਆ ਹੈ ਤੇ ਵੱਸਦਾ ਰਹੇਂਗਾ,
ਕਿਸੇ ਹੋਰ ਲਈ ਸਾਥੋਂ ਬੂਹਾ ਖੋਲ੍ਹਿਆ ਨ੍ਹੀਂ ਜਾਣਾ।
ਦਰਦ 'ਬਲਜਿੰਦਰ' ਦੇ ਜੋ ਜਾਣਦਾ ਹੈ ਸਾਰੇ,
ਅੱਖਰਾਂ ਦੇ ਬਾਦਸ਼ਾਹ ਤੋਂ ਬੋਲਿਆ ਨ੍ਹੀਂ ਜਾਣਾ।
ਬੋਲ ਕੇ ਕੀ ਦੱਸਾਂ, ਸਾਥੋਂ ਬੋਲਿਆ ਨ੍ਹੀਂ ਜਾਣਾ,
ਦਰਦ ਦਿਲਾਂ ਸਾਥੋਂ, ਖੋਲ੍ਹਿਆ ਨ੍ਹੀਂ ਜਾਣਾ।

## ਤੇਰੀ ਮੇਹਰ ਨਜ਼ਰ ਆਈ

ਢਲਦੇ ਸੂਰਜ ਦੀ ਕਿਰਨ 'ਚ ਜਦ ਇਕ ਆਸ ਨਜ਼ਰ ਆਈ,
ਐ ਖੁਦਾ! ਤੇਰੀ ਸਿਰਜੀ ਮੈਨੂੰ ਕਾਇਨਾਤ ਯਾਦ ਆਈ।
ਮੈਂ ਖੁਦ ਨੂੰ ਜਦ ਤੇਰੀ ਰਹਿਮਤ ਦੇ ਨੂਰ 'ਚ ਦੇਖਿਆ,
ਤਾਂ ਉਸ 'ਚ ਮੈਂ ਕਦੇ ਵੀ ਇਕੱਲੀ ਨਜ਼ਰ ਨਾ ਆਈ,
ਮੇਰੇ ਹਰ ਸਾਹ ਦੇ ਪਿੱਛੇ ਤੇਰੀ ਰਜ਼ਾ ਸੀ,
ਮੇਰੇ ਹਰ ਦਰਦ ਦੇ ਪਿਛੇ ਤੇਰੀ ਦੁਆ ਨਜ਼ਰ ਆਈ।
ਜਿਨ੍ਹਾਂ ਰਾਹਾਂ ਨੂੰ ਮੈਂ ਹਨੇਰਾ ਸਮਝ ਬੈਠੀ,
ਉਨ੍ਹਾਂ ਰਾਹਾਂ 'ਤੇ ਵੀ ਤੇਰੀ ਮੇਹਰ ਨਜ਼ਰ ਆਈ।
ਜਦੋਂ ਕਦੇ ਵੀ ਮੇਰੇ ਕੋਲੋਂ ਕੁਛ ਖੁਸ ਗਿਆ,
ਉਹ ਘੜੀ ਮੈਨੂੰ ਤੇਰੇ ਨੇੜੇ ਲਿਆਉਣ ਲਈ ਇੱਕ ਕੜੀ ਨਜ਼ਰ ਆਈ।

ਐ ਪ੍ਰਭੂ !
ਮੈਂ ਤੇਰੇ ਦਰ ਜਿਨਾਂ ਸਿਜਦਾ ਕਰਾਂ ਘੱਟ ਹੈ,
ਕਿਉਂਕਿ ਤੂੰ ਉਹ ਰਹਿਮਤ ਹੈਂ,
ਜਿਸ ਦਾ ਕੋਈ ਮਾਪ ਨਹੀਂ, ਜੋ ਬੇ-ਹਿਸਾਬ ਨਜ਼ਰ ਆਈ।
ਤੂੰ ਮੇਰੀ ਖਾਮੋਸ਼ੀ ਸੁਣੀ,
ਮੇਰੀਆਂ ਅੱਖਾਂ ਦੇ ਹੰਝੂਆਂ ਨੂੰ ਦੇਖਿਆ,
ਮੇਰਾ ਸਿਰ ਹਮੇਸ਼ਾ ਤੇਰੇ ਦਰ 'ਤੇ ਝੁਕਿਆ ਰਿਹਾ,
ਮੇਰੀ ਰੂਹ ਹਮੇਸ਼ਾ ਤੇਰੇ ਨਾਮ ਦੀ ਭੁੱਖੀ ਨਜ਼ਰ ਆਈ।

## ਸਾਇਆ

ਤੂੰ ਮੇਰੇ ਨਾਲ ਹਮੇਸ਼ਾ ਸਾਏ ਦੀ ਤਰ੍ਹਾਂ ਰਹੀ,
ਮੇਰੀ ਹਰ ਖੁਸ਼ੀ ਵਿੱਚ, ਮੇਰੇ ਹਰ ਗ਼ਮ ਵਿੱਚ ਰਹੀ।
ਜਦੋਂ ਮੈਂ ਇਕੱਲਾ ਰਹਿ ਗਿਆ ਤਾਂ,
ਤੂੰ ਬਿਨਾਂ ਕੁਝ ਕਹੇ ਮੇਰੇ ਕੋਲ ਖੜ੍ਹਾ ਰਹੀ।
ਮੇਰੀਆਂ ਅੱਖਾਂ ਦੇ ਹੰਝੂ ਤੂੰ ਬੋਲਣ ਤੋਂ ਪਹਿਲਾਂ ਪੜ੍ਹੀ,
ਮੇਰੇ ਦਿਲ ਦੇ ਜ਼ਖ਼ਮ ਤੂੰ ਛੂਹੇ ਬਿਨਾਂ ਮਹਿਸੂਸ ਕਰੀ।
ਮੈਂ ਜਦੋਂ ਆਪਣੇ ਆਪ ਤੋਂ ਵੀ ਹਾਰਨ ਲੱਗਾ,
ਤੂੰ ਮੇਰੇ ਹੌਸਲੇ ਦੀ ਆਖ਼ਰੀ ਉਮੀਦ ਬਣੀ।
ਤੇਰੀ ਮੁਹੱਬਤ ਵਿੱਚ ਕੋਈ ਸ਼ਰਤ ਨਹੀਂ, ਕੋਈ ਹਿਸਾਬ ਨਹੀਂ,
ਬਸ ਤੂੰ ਇੱਕ ਸੱਚਾ ਅਹਿਸਾਸ ਹੈ, ਜਿਸ ਦਾ ਕੋਈ ਜਵਾਬ ਨਹੀਂ।
ਜੇ ਰੱਬ ਮੈਨੂੰ ਪੁੱਛੇ, ਜ਼ਿੰਦਗੀ ਵਿੱਚ ਕੀ ਚਾਹੀਦਾ ਏ ?
ਤਾਂ ਮੈਂ ਬਸ ਤੇਰਾ ਨਾਮ ਲੈ ਕੇ ਆਖਾਂ,
ਇਹੀ ਸਾਥ ਆਖ਼ਰੀ ਸਾਹ ਤੱਕ ਚਾਹੀਦਾ ਏ

## ਅਰਜੋਈ

ਰੱਬਾ, ਜੇ ਕੁਝ ਦੇਣਾ ਹੈ
ਤਾਂ ਆਪਣੇ ਦੀਦਾਰ ਦੇ ਦੇ,
ਜੇ ਕਿਤੇ ਰੱਖਣਾ ਹੈ ਤਾਂ,
ਆਪਣੇ ਚਰਨਾਂ ਦੀ ਧੂੜ ਬਣਾ ਕੇ ਰੱਖ ਲੈ ਮੈਨੂੰ।
ਜੇ ਕਿਸੇ ਨਾਲ ਮਿਲਾਉਣ ਦੀ ਗੱਲ ਹੈ
ਤਾਂ ਆਪਣਾ ਰੂਹਾਨੀ ਮਿਲਾਪ ਕਰਾ ਦੇ,
ਮੇਰੇ ਅੰਦਰੋਂ ਹਰ ਉਹ ਚਾਹਤ ਮਿਟਾ ਦੇ
ਜੋ ਮੈਨੂੰ ਤੇਰੇ ਤੋਂ ਦੂਰ ਲੈ ਜਾਵੇ।
ਮੇਰੀਆਂ ਅੱਖਾਂ ਨੂੰ ਤੇਰੇ ਦਰਸ਼ਨਾਂ ਦੀ ਤਾਂਘ ਦੇ,
ਮੇਰੇ ਜ਼ੁਬਾਨ ਨੂੰ ਤੇਰੇ ਨਾਮ ਦਾ ਜਾਪ ਦੇ,
ਮੇਰੀ ਰੂਹ ਨੂੰ ਤੇਰੇ ਪਿਆਰ ਦਾ ਰੰਗ ਦੇ
ਤੇ ਮੇਰੇ ਕਦਮਾਂ ਨੂੰ ਆਪਣੇ ਰਾਹ 'ਤੇ ਤੋਰ ਦੇ।
ਰੱਬਾ, ਇਸ ਦੁਨੀਆ ਵਿੱਚ ਆਉਣਾ,
ਜੇ ਤੇਰੀ ਰਜ਼ਾ ਨੂੰ ਸਮਝਣ ਲਈ ਸੀ,
ਤਾਂ ਮੇਰੀ ਜ਼ਿੰਦਗੀ ਦਾ ਹਰ ਸਾਹ
ਤੇਰੀ ਬੰਦਗੀ ਵਿੱਚ ਲੰਘ ਜਾਵੇ,
ਤਾਂ ਜੋ ਇਸ ਧਰਤੀ 'ਤੇ ਮੇਰੇ ਆਉਣ ਦਾ
ਮਕਸਦ ਵੀ ਪੂਰਾ ਹੋ ਸਕੇ,
ਤੇ ਵਾਪਸੀ ਵੇਲੇ ਰੂਹ ਵੀ ਤੇਰੇ ਦਰ 'ਤੇ
ਸਕੂਨ ਨਾਲ ਜਾ ਸਕੇ।

## ਐ ਖੁਦਾ

ਐ ਖੁਦਾ
ਤੇਰੇ ਬਿਨ,
ਤੇਰੇ ਸਿਵਾਏ
ਮੈਨੂੰ ਕੁਝ ਨਹੀਂ ਚਾਹੀਦਾ ਸੀ।
ਨਾ ਕੋਈ ਮੰਜ਼ਲ ਮੰਗੀ,
ਨਾ ਕੋਈ ਦੁਨੀਆ ਦੀ ਦੌਲਤ,
ਬਸ ਤੇਰੇ ਦਰ 'ਤੇ ਸਿਰ ਰੱਖ ਕੇ
ਸਕੂਨ ਨਾਲ ਜੀਣਾ ਚਾਹਿਆ ਸੀ।
ਜਦੋਂ ਮੈਂ ਹਰ ਕਦਮ 'ਤੇ
ਸਿਰਫ਼ ਤੇਰਾ ਨਾਮ ਲਿਆ ਸੀ
ਫੇਰ ਇਹ ਨਵੇਂ ਰਸਤੇ ਕਿਉਂ ?
ਇਹ ਅਜਨਬੀ ਮੋੜ ਕਿਉਂ ?

## ਨਸੀਬ

ਜੋ ਇਨਸਾਨ ਤੁਹਾਡੀਆਂ ਅੱਖਾਂ ਦੇ ਦਰਦ ਨੂੰ ਪੜ੍ਹ ਕੇ ਵੀ
ਤੁਹਾਡਾ ਹੱਥ ਨਾ ਛੱਡੇ,
ਤੁਹਾਡੀ ਖ਼ਾਮੋਸ਼ੀ ਵਿੱਚ ਲੁਕਿਆ ਦਰਦ ਸੁਣ ਲਵੇ,
ਤੁਹਾਡੇ ਹੱਸਣ ਪਿੱਛੇ ਛੁਪੇ ਹੰਝੂ ਪਛਾਣ ਲਵੇ,
ਇਹੋ ਜਿਹੇ ਇਨਸਾਨ ਨੂੰ ਕਦੇ ਨਾ ਛੱਡੋ
ਕਿਉਂਕਿ ਇਹ ਕਿਸੇ-ਕਿਸੇ ਨਸੀਬ ਵਾਲੇ ਨੂੰ ਹੀ ਮਿਲਦਾ ਏ।

## ਪਰਛਾਵਾਂ

ਲੱਗਣ ਨਾ ਤੈਨੂੰ ਕਦੀ ਤੱਤੀਆਂ ਹਵਾਵਾਂ,
ਤੇਰੇ ਤੋਂ ਬਿਨਾਂ ਮੈਂ ਕਿਸੇ ਨੂੰ ਹੋਰ ਨੂੰ ਨਾ ਚਾਹਾਂ,
ਤੇਰੇ ਕਦਮਾਂ ਹੇਠ ਫੁੱਲ ਹੀ ਫੁੱਲ ਵਰਸਾਵਾਂ,
ਬਣ ਕੇ ਰਹੀ ਤੂੰ ਸਾਡਾ ਹਮੇਸ਼ਾ ਪਰਛਾਵਾਂ ।
ਤੇਰੇ ਹਾਸਿਆਂ 'ਚ ਵਿਹੜਾ ਸਾਡਾ ਮਹਿਕੇ,
ਤੇਰੇ ਬਿਨਾਂ ਸਾਨੂੰ ਹਰ ਰਾਹ ਸੁੰਨਾ ਲੱਗੇ ਵੇ,
ਕਦੇ ਅੱਖਾਂ 'ਚ ਆਉਣ ਨਾ ਹੰਝੂਆਂ ਦੀਆਂ ਛਾਵਾਂ।
ਬਣ ਕੇ ਰਹੀ ਤੂੰ ਸਾਡਾ ਪਰਛਾਵਾਂ।

## ਦਰਦ

ਮੈਂ ਆਵਾਜ਼ਾਂ ਮਾਰਦੀ ਰਹੀ,
ਪਰ ਉਸ ਨੂੰ ਸੁਣਾਈ ਹੀ ਨਹੀਂ ਦਿੱਤਾ।
ਮੇਰੀਆਂ ਅੱਖਾਂ ਵਿੱਚ ਵੱਸਿਆ ਦਰਦ,
ਉਸ ਨੂੰ ਕਦੇ ਦਿਖਾਈ ਹੀ ਨਹੀਂ ਦਿੱਤਾ।

ਮੈਂ ਹਰ ਵਾਰ ਉਸ ਨੂੰ ਰੋਕਣਾ ਚਾਹਿਆ,
ਪਰ ਉਹ ਹਰ ਵਾਰ ਮੈਥੋਂ ਦੂਰ ਹੁੰਦਾ ਗਿਆ,
ਮੈਂ ਸਾਂਝ ਨੂੰ ਬਚਾਉਂਦੀ ਰਹੀ,
ਪਰ ਉਹ ਚੁੱਪਚਾਪ ਸਭ ਕੁਝ ਤੋੜਦਾ ਗਿਆ।

ਜਿਸ ਨੂੰ ਮੈਂ ਆਪਣਾ ਸਮਝਿਆ,
ਪਰ ਉਸ ਨੇ ਮੇਰੇ ਦਿਲ ਦੀ ਗੱਲ ਸਮਝੀ ਹੀ ਨਹੀਂ,
ਮੈਂ ਉਡੀਕਾਂ ਵਿਚ ਰਾਤਾਂ ਕੱਟਦੀ ਰਹੀ,
ਪਰ ਉਸ ਨੇ ਮੁੜ ਕੇ ਦੇਖਿਆ ਹੀ ਨਹੀਂ।

ਸੰਪਰਕ 98785-19278



## ਸੰਭਲ ਜਾ ਪੰਜਾਬ ਸਿਆਂ

ਸੰਭਲ ਜਾ ਪੰਜਾਬ ਸਿਆਂ ਸੰਭਲਣ ਦਾ ਵੇਲਾ
ਜੇ ਨਾ ਹੁਣ ਤੂੰ ਸੰਭਲਿਆ ਹੋ ਜਾਊ ਕੁਵੇਲਾ

ਪੱਤਾ ਪੱਤਾ ਗਿਰਵੀ ਕਰ ਦਿੱਤਾ ਇਹਨਾਂ
ਅੰਗ ਅੰਗ ਤੇਰਾ ਖੋਖਲਾ ਕਰ ਦਿੱਤਾ ਇਹਨਾਂ

ਰਾਜ ਭਾਗ ਇਨ੍ਹਾਂ ਲਈ ਧੰਦਾ ਤੇ ਮੇਲਾ
ਸੰਭਲ ਜਾ ਪੰਜਾਬ ਸਿਆਂ ਸੰਭਲਣ ਦਾ ਵੇਲਾ

ਪੀਲੇ, ਚਿੱਟੇ, ਕਾਲੇ, ਲਾਲ, ਹਰੇ ਤੇ ਨੀਲੇ
ਆਪਣੀ ਆਪਣੀ ਚੌਧਰ ਲਈ ਕਰਦੇ ਇਹ ਹੀਲੇ

ਤਖ਼ਤ ਇਹਨਾਂ ਦਾ ਗੁਰੂ, ਤਖ਼ਤ ਹੀ ਚੇਲਾ
ਸੰਭਲ ਜਾ ਪੰਜਾਬ ਸਿਆਂ ਸੰਭਲਣ ਦਾ ਵੇਲਾ

ਇਕ ਦੂਜੇ ਨੂੰ ਠਿੱਬੀ ਲਾਉਣ ਦੇ ਘਾਗ ਖਿਡਾਰੀ
ਲੁੱਟਿਆ ਲਿਆ ਭੰਬੋਰ ਤੇਰਾ ਇਨ੍ਹਾਂ ਵਾਰੋ ਵਾਰੀ

ਤੋਬਾ ਤੋਬਾ ਕੂਕਦਾ ਸਾਰਾ ਜੰਗਲ ਬੇਲਾ
ਸੰਭਲ ਜਾ ਪੰਜਾਬ ਸਿਆਂ ਸੰਭਲਣ ਦਾ ਵੇਲਾ

ਨਿੱਕੇ ਨਿੱਕੇ ਧੜਿਆਂ ਵਿਚ ਵੰਡ ਦਿੱਤਾ ਤੈਨੂੰ
ਲਾ ਲਾ ਊਜਾਂ ਬੁਰੀ ਤਰ੍ਹਾਂ ਭੰਡ ਦਿੱਤਾ ਤੈਨੂੰ

ਲਿਖਣਾ ਪੜ੍ਹਨਾ ਬੋਲਣਾ ਹੋ ਗਿਆ ਦੁਹੇਲਾ
ਸੰਭਲ ਜਾ ਪੰਜਾਬ ਸਿਆਂ ਸੰਭਲਣ ਦਾ ਵੇਲਾ

ਵੇਲਾ ਵਕਤ ਪੁਕਾਰਦਾ ਅੰਤਰ ਝਾਤੀ ਪਾਈਏ
ਭੁੱਲ ਕੇ ਵੈਰ ਵਿਰੋਧ, ਇਕਜੁੱਟ ਹੋ ਜਾਈਏ

ਲੜਨਾ ਤੇ ਲਲਕਾਰਨਾ ਹੋ ਜਾਊ ਸੁਹੇਲਾ
ਸੰਭਲ ਜਾ ਪੰਜਾਬ ਸਿਆਂ ਸੰਭਲਣ ਦਾ ਵੇਲਾ

ਅੰਕੜਿਆਂ ਤੇ ਨੀਤੀਆਂ ਨਾਲ ਕੁਝ ਨਹੀਂ ਹੋਣਾ
ਜੋ ਹੋਣਾ 'ਕੁਲਵੰਤ ਸਿਆਂ' ਏਕੇ ਨਾਲ ਹੋਣਾ

ਏਕੇ ਨਾਲ ਹੀ ਮੁੱਕਣਾ ਸਗਲ ਝਮੇਲਾ
ਸੰਭਲ ਜਾ ਪੰਜਾਬ ਸਿਆਂ ਸੰਭਲਣ ਦਾ ਵੇਲਾ
ਜੇ ਨਾ ਹੁਣ ਤੂੰ ਸੰਭਲਿਆ ਹੋ ਜਾਊ ਕੁਵੇਲਾ।

- ਪ੍ਰੋ: ਕੁਲਵੰਤ ਔਜਲਾ

ਸਫ਼ਾ 3 ਦੀ ਬਾਕੀ

## ਪੰਜਾਬ ਦੀ ਖੱਬੇ ਪੱਖੀ ਲਹਿਰ ...

ਲਾਲ ਕਮਿਊਨਿਸਟ ਪਾਰਟੀ ਦੀ ਇਹ ਗੱਲ ਵੀ ਉਭਾਰਦਾ ਹੈ ਕਿ ਪਾਰਟੀ ਹਮਦਰਦਾਂ ਤੋਂ ਫੰਡ ਇਕੱਠਾ ਕਰਨ ਤੋਂ ਇਲਾਵਾ ਪਾਰਟੀ ਜ਼ਬਰਦਸਤੀ ਫੰਡ ਵੀ ਇਕੱਠਾ ਕਰਨ ਲੱਗਦੀ ਹੈ। ਡਾਕੇ ਦੀਆਂ ਕਾਰਵਾਈਆਂ ਇਸੇ ਗੱਲ ਵਿੱਚੋਂ ਨਿਕਲਦੀਆਂ ਹਨ। ਹਵਾਲੇ ਦੇ ਤੌਰ ਤੇ ਲੇਖਕ ਵੱਲੋਂ 'ਰਾਮਨਗਰ ਡਕੈਤੀ' ਦਾ ਜ਼ਿਕਰ ਕੀਤਾ ਗਿਆ ਹੈ। ਵੱਖ ਵੱਖ ਖੱਬੇ ਪੱਖੀਆਂ ਵਿੱਚ ਭਾਵੇਂ ਵਿਚਾਰਧਾਰਕ ਵਖਰੇਵੇਂ ਪੈਦਾ ਹੁੰਦੇ ਰਹਿੰਦੇ ਹਨ ਪਰ ਕਿਸੇ ਨਾ ਕਿਸੇ ਮੁੱਦੇ ਤੇ ਆ ਕੇ ਏਕੇ ਦੀਆਂ ਗੱਲਾਂ ਵੀ ਕਰਦੇ ਸਨ। ਏਸ ਦੌਰਾਨ ਇਕ ਵਾਰ ਫਿਰ ਕਮਿਊਨਿਸਟ ਪਾਰਟੀ ਦੇ ਏਕੇ ਦੀਆਂ ਗੱਲਾਂ ਆਰੰਭ ਹੋ ਜਾਂਦੀਆਂ ਹਨ ਪਰ ਫਿਰ ਅੱਗੇ ਜਾ ਕੇ ਵਿਰੋਧ ਖੜੇ ਹੋ ਜਾਂਦੇ ਹਨ। 1951 ਵਿੱਚ ਸੀ. ਪੀ. ਆਈ. ਤੇ ਪਬੰਧੀ ਹਟ ਜਾਂਦੀ ਹੈ। 51 ਦੀਆਂ ਪਹਿਲੀਆਂ ਅਸੰਬਲੀ ਚੋਣਾਂ ਵਿੱਚ ਖੱਬੇ ਪੱਖੀ ਪਾਰਟੀ 6 ਸੀਟਾਂ ਪ੍ਰਾਪਤ ਕਰ ਲੈਂਦੀ ਹੈ। ਇਹ ਚੋਣਾਂ ਦੋਵੇਂ ਪਾਰਟੀਆਂ ਰਲ਼ ਕੇ ਲੜਦੀਆਂ ਹਨ ਦੋਹਾਂ 'ਚ ਵਿਰੋਧ ਵੀ ਕਾਇਮ ਰਹਿੰਦੇ ਹਨ। ਇਸੇ ਤਰ੍ਹਾਂ ਪੈਪਸੂ ਦੀਆਂ ਚੋਣਾਂ ਵਿੱਚ ਖੱਬੇ ਪੱਖੀਆਂ ਨੂੰ 4 ਸੀਟਾਂ ਪ੍ਰਾਪਤ ਹੁੰਦੀਆਂ ਹਨ। 1952 ਵਿੱਚ ਲਾਲ ਤੇ ਸੀ. ਪੀ. ਆਈ. ਵਿੱਚ ਇਕ ਵਾਰ ਫਿਰ ਏਕੇ ਦੀਆਂ ਗੱਲਾਂ ਹੋਣ ਲੱਗ ਪੈਂਦੀਆਂ ਹਨ। ਇਸ ਤਰ੍ਹਾਂ ਸਰਬਜੀਤ ਕੰਗਣੀਵਾਲ ਵਿਸਥਾਰ ਨਾਲ ਕਮਿਊਨਿਸਟ ਪਾਰਟੀਆਂ ਦੇ ਉਭਾਰ, ਫੈਲਾਓ ਅਤੇ ਆਪਣੀ ਹੋਂਦ ਲਈ ਕੀਤੇ ਸੰਘਰਸ਼ ਦਾ ਵਿਸ਼ਲੇਸ਼ਣ ਕਰਦਾ ਹੈ।

ਲੇਖਕ ਨੇ ਲਿਖਿਆ ਹੈ ਕਿ ਅੱਗੇ ਲਾਲ ਪਾਰਟੀ ਅਤੇ ਸੀ. ਪੀ. ਆਈ. ਦੇ ਰਲੇਵੇ ਉਪਰੰਤ ਕੁਝ ਸਮੇਂ ਬਾਅਦ ਮੁੜ ਵਿਚਾਰਧਾਰਕ ਟਕਰਾਅ ਸ਼ੁਰੂ ਹੋ ਜਾਂਦੇ ਹਨ। ਇਨ੍ਹਾਂ ਟਕਰਾਵਾਂ ਦੇ ਕਾਰਨਾਂ ਦਾ ਵਿਸਥਾਰ ਨਾਲ ਵਿਸ਼ਲੇਸ਼ਣ ਕੀਤਾ ਹੈ। ਦੋਹਾਂ ਪਾਰਟੀਆਂ ਦੇ ਰਲੇਵੇਂ ਤੋਂ ਬਾਅਦ ਕਿਸ ਤਰ੍ਹਾਂ ਦਾ ਦ੍ਰਿਸ਼ ਉਭਰਦਾ ਹੈ ਉਸ ਦਾ ਵਿਸਤ੍ਰਿਤ ਤਰੀਕੇ ਨਾਲ ਅਧਿਐਨ ਕੀਤਾ ਗਿਆ ਹੈ। 1994 ਵਿੱਚ ਜਦੋਂ ਗੁਰਦੁਆਰਾ ਚੋਣਾਂ ਦਾ ਐਲਾਨ ਹੁੰਦਾ ਹੈ ਤਾਂ ਖੱਬੇ ਪੱਖੀ ਪਹਿਲੀ ਵਾਰ ਧਾਰਮਿਕ ਖੇਤਰ 'ਚ ਸਰਗਰਮ ਹੁੰਦੇ ਹਨ ਅਤੇ 'ਦੇਸ਼ ਭਗਤ ਬੋਰਡ' ਬਣਾ ਕੇ ਚੋਣਾਂ 'ਚ ਹਿੱਸਾ ਲੈਂਦੇ ਹਨ। ਉਨ੍ਹਾਂ ਦੇ ਸਾਂਝੇ 22 ਮੈਂਬਰ ਚੋਣਾਂ ਜਿੱਤ ਜਾਂਦੇ ਨੇ ਖੱਬੇ ਪੱਖੀਆਂ ਦਾ ਇਕ ਮੈਂਬਰ ਜਿੱਤਦਾ ਹੈ। ਇਸ ਸਾਰੇ ਵਰਤਾਰੇ ਪਿੱਛੇ ਪ੍ਰਤਾਪ ਸਿੰਘ ਕੈਰੋਂ ਦੀ ਚਾਲ ਕੰਮ ਕਰਦੀ ਹੈ। ਲੇਖਕ ਸੀ. ਪੀ. ਆਈ. ਦੀ ਚੌਥੀ ਕਾਨਫਰੰਸ ਦੌਰਾਨ ਹਰਕ੍ਰਿਸ਼ਨ ਸਿੰਘ ਸੁਰਜੀਤ, ਲਾਇਲਪੁਰੀ, ਤੇ ਅਵਤਾਰ ਸਿੰਘ ਮਲਹੋਤਰਾ ਦੇ ਆਪਸੀ ਮੱਤਭੇਦਾਂ ਦੇ ਹਵਾਲਾ ਦੇ ਕੇ ਖੱਬੇ ਪੱਖੀਆਂ ਦੀ ਪੁਜੀਸ਼ਨ ਦਾ ਜ਼ਿਕਰ ਕਰਦਾ ਹੈ। ਕਿਵੇਂ ਖੱਬੀਆਂ ਧਿਰਾਂ ਵਿੱਚ ਤਿੱਖੇ ਵਿਚਾਰਧਾਰਕ ਮੱਤਭੇਦ ਉਭਰ ਆਉਂਦੇ ਹਨ। ਅੱਗੇ ਕਿਤਾਬ ਵਿੱਚ ਖੱਬੇ ਪੱਖੀਆਂ ਦੀਆਂ 1957 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਦੀਆਂ ਸਰਗਰਮੀਆਂ ਨੂੰ ਲੇਖਕ ਤਰਕ ਨਾਲ ਪੇਸ਼ ਕਰਦਾ ਹੈ। ਖੁਸ਼ਹੈਸੀਅਤ ਮੋਰਚੇ ਨਾਲ ਇਕ ਵਾਰ ਫਿਰ ਖੱਬੀ ਧਿਰ ਸਰਗਰਮ ਹੋ ਜਾਂਦੀ ਹੈ। ਉਧਰ ਸਰਕਾਰ ਵੱਲੋਂ 'ਨਵਾਂ ਜ਼ਮਾਨਾ' ਉੱਤੇ ਸੈਂਸਰ ਲਾਉਣ ਵਰਗੀ ਸਥਿਤੀ ਪੈਦਾ ਕਰ ਦਿੱਤੀ ਜਾਂਦੀ ਹੈ। ਕਿਉਂਕਿ ਖੁਸ਼ਹੈਸੀਅਤ ਮੋਰਚਾ 'ਚ 'ਨਵਾਂ ਜ਼ਮਾਨਾ' ਅਹਿਮ ਰੋਲ ਅਦਾ ਕਰ ਰਿਹਾ ਸੀ। ਲੇਖਕ ਨੇ ਵਿਸਥਾਰ ਵਿੱਚ ਜਾ ਕੇ ਭਾਰਤ ਚੀਨ ਵਿਵਾਦ, ਚੋਣਾਂ, ਕੌਮਾਂਤਰੀ ਪੱਧਰ ਉੱਤੇ ਖੱਬੀ ਧਿਰ ਦੀ ਸਥਿਤੀ, ਭਾਰਤੀ ਪੱਧਰ ਉੱਤੇ ਖੱਬੀ ਧਿਰ ਦੀ ਸਥਿਤੀ ਨੂੰ ਵਿਸਥਾਰ ਨਾਲ ਬਿਆਨ ਹੀ ਨਹੀਂ ਕੀਤੀ ਬਲਕਿ ਉਸ ਦਾ ਵਿਸ਼ਲੇਸ਼ਣ ਵੀ ਕੀਤਾ ਹੈ।

ਲੇਖਕ ਲਿਖਦਾ ਹੈ ਕਿ 1964 ਵਿੱਚ ਖੱਬੀ ਲਹਿਰ ਵਿੱਚ ਮੁੜ ਤ੍ਰੇੜ ਆ ਜਾਂਦੀ ਹੈ ਤੇ ਸੀ. ਪੀ. ਆਈ. (ਐਮ) ਦਾ ਗਠਨ ਹੋ ਜਾਂਦਾ ਹੈ। ਇਥੇ ਪਾਰਟੀ ਆਪਣੀ ਲਾਇਨ ਨਿਸ਼ਚਤ ਕਰਦੀ ਹੈ। 1967 ਵਿੱਚ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਸੀ. ਪੀ. ਆਈ. ਅਤੇ ਸੀ. ਪੀ. ਆਈ. (ਐਮ) ਇਕ ਸਮਝੌਤੇ ਤਹਿਤ ਲੜਦੀਆਂ ਹਨ। ਸੀ. ਪੀ. ਆਈ. ਪੰਜ ਤੇ ਸੀ. ਪੀ. ਆਈ. (ਐਮ) ਤਿੰਨ ਸੀਟਾਂ ਤੇ ਜਿੱਤ ਪ੍ਰਾਪਤ ਕਰਦੀ ਹੈ। ਸਤਪਾਲ ਡਾਂਗ ਖੁਰਾਕ ਅਤੇ ਸਿਵਲ ਸਪਲਾਈ ਮੰਤਰੀ ਬਣਦਾ ਹੈ। ਮੰਤਰੀ ਮੰਡਲ ਵਿੱਚ ਅਕਾਲੀ ਦਲ ਤੇ ਜਨ ਸੰਘ ਨਾਲ ਤਾਲਮੇਲ 'ਚ ਖਟਾਸ ਪੈਦਾ ਹੋ ਜਾਂਦਾ ਹੈ। ਤਣਾਓ ਦੌਰਾਨ ਆਪਸ ਵਿੱਚ ਖਿਚੋਤਾਣ ਪੈਦਾ ਹੋ ਜਾਂਦੀ ਹੈ। ਪਹਿਲੀ ਗੈਰ ਕਾਂਗਰਸੀ ਸਰਕਾਰ ਅੰਦਰੂਨੀ ਵਿਰੋਧਤਾਈਆਂ ਨਾਲ ਲੜਦੀ ਹੈ। ਫਿਰ ਕਿਸੇ ਮੁੱਦੇ ਉੱਤੇ ਦੋਹਾਂ ਵਿੱਚ ਦੁਫੇੜ ਪੈਦਾ ਹੋ ਜਾਂਦਾ ਹੈ। ਦੁਫੇੜ ਉਪਰੰਤ ਚਾਰ ਸਾਲਾਂ ਵਿੱਚ ਖੱਬੀਆਂ ਪਾਰਟੀਆਂ ਆਪਣੇ ਆਪ ਨੂੰ ਸੰਗਠਤ ਕਰਨ ਦੀਆਂ ਕੋਸ਼ਿਸ਼ਾਂ ਕਰਦੀਆਂ ਹਨ। ਲੇਖਕ ਜ਼ਿਕਰ ਕਰਦਾ ਹੈ ਕਿ ਸੀ. ਪੀ. ਆਈ. (ਐਮ) ਆਪਣੀਆਂ ਵਿਚਾਰਧਾਰਕ ਵਿਰੋਧਤਾਈਆਂ ਕਾਰਨ ਕਈ ਤਰ੍ਹਾਂ ਦੇ ਅੰਦਰੂਨੀ ਸੰਕਟ ਦਾ ਸ਼ਿਕਾਰ ਵੀ ਹੋ ਜਾਂਦੀ ਹੈ।

ਲੇਖਕ ਲਿਖਦਾ ਹੈ ਕਿ ਨਕਸਲੀ ਲਹਿਰ ਦੇ ਉਭਾਰ ਨਾਲ ਪੰਜਾਬ 'ਚ ਖੱਬੀ ਲਹਿਰ ਦੇ ਨਵੇਂ ਅਧਿਆਏ ਦਾ ਆਰੰਭ ਹੁੰਦਾ ਹੈ। ਲੇਖਕ ਕਿਤਾਬ ਵਿੱਚ ਭਾਰਤੀ ਪੱਧਰ 'ਤੇ ਫੈਲ ਰਹੀ ਨਕਸਲੀ ਲਹਿਰ ਦੇ ਹਵਾਲੇ ਨਾਲ ਗੱਲ ਕਰਦਾ ਹੋਇਆ ਪੰਜਾਬ ਦੀ ਨਕਸਲੀ ਲਹਿਰ ਦੇ ਆਰੰਭ ਦੇ ਸੂਤਰਾਂ ਦੀ ਤਲਾਸ਼ ਕਰਦਾ ਹੈ। ਚਾਰੂ ਮਜੂਮਦਾਰ ਨਕਸਲੀਆਂ ਦੇ 'ਅੱਠ ਦਸਤਾਵੇਜ਼' ਲਿਖਦਾ ਹੈ। ਜਿਸ ਵਿੱਚ ਜ਼ਮੀਨ ਪ੍ਰਾਪਤੀ ਲਈ ਸ਼ੁਰੂ ਹੋਈ ਜੰਗ ਨੂੰ ਸੱਤਾ ਦੀ ਜੰਗ ਵਿਚ ਬਦਲੇ ਜਾਣ ਦਾ ਪੱਖ ਪੇਸ਼ ਕੀਤਾ ਗਿਆ ਸੀ।

ਚਾਰੂ ਮਜੂਮਦਾਰ ਦੀ ਆਗਵਾਈ ਵਿੱਚ ਸੀ. ਪੀ. ਆਈ. (ਐਮ) ਚੋਂ ਕੱਢੇ 40 ਪ੍ਰਮੁੱਖ ਆਗੂ ਨਕਸਲਬਾੜੀ ਤੇ 'ਕਰਿਸ਼ਕ ਸੰਗਰਾਮ ਸਹਾਇਕ ਸੰਮਤੀ' ਬਣਾਉਂਦੇ ਹਨ। ਇਹ ਲਹਿਰ ਹਥਿਆਰਬੰਦ ਬਗਾਵਤ ਦੀ ਵਕਾਲਤ ਕਰਦੀ ਹੈ। ਸੀ. ਪੀ. ਆਈ. (ਐਮ) ਦੇ ਪੰਜਾਬ ਚੋਂ ਕੱਢੇ ਇਹ ਆਗੂ ਇਕੱਠੇ ਹੋ ਕੇ 'ਨਕਸਲਬਾੜੀ ਲਹਿਰ' ਦਾ ਮੁੱਢ ਪੰਜਾਬ ਵਿੱਚ ਬੰਨ੍ਹਦੇ ਹਨ। ਇਹ ਸਮਾਂ 1967 ਦਾ ਸੀ। 68 ਵਿੱਚ 'ਨਕਸਲਬਾੜੀ ਦਾ ਰਾਹ ਸਾਡਾ ਰਾਹ' ਦੇ ਇਸ਼ਤਿਹਾਰ ਪੰਜਾਬ ਵਿੱਚ ਚਿਪਕਾ ਦਿੱਤੇ ਜਾਂਦੇ ਹਨ। ਜਿਸ ਨਾਲ ਇਸ ਲਹਿਰ ਦਾ ਪੰਜਾਬ ਵਿੱਚ ਮੁੱਢ ਬੱਝ ਜਾਂਦਾ ਹੈ। ਇਹ ਲਹਿਰ ਦੇ ਆਗੂ ਜ਼ਮੀਨੀ ਕਬਜ਼ੇ ਲਈ ਐਕਸ਼ਨ ਕਰਦੇ ਹਨ। ਚਮਕੌਰ ਸਾਹਿਬ ਦੇ ਐਕਸਨ ਉਪਰੰਤ ਪੰਜਾਬ ਦੇ ਨਕਸਲੀ ਦੋਫਾੜ ਹੋ ਜਾਂਦੇ ਹਨ। ਇਸ ਦੌਰਾਨ ਪੰਜਾਬ ਦੀਆਂ ਖੱਬੀਆਂ ਧਿਰਾਂ ਵਿੱਚ ਕਈ ਤਰ੍ਹਾਂ ਦੇ ਵਿਚਾਰਧਾਰਕ ਵਿਰੋਧ ਪੈਦਾ ਹੋ ਜਾਂਦੇ ਹਨ। ਏਸ ਦੌਰਾਨ ਪੰਜਾਬ ਵਿੱਚ ਹਤਿਆਵਾਂ ਦਾ ਦੌਰ ਆਰੰਭ ਹੋ ਜਾਂਦਾ ਹੈ। ਇਕ ਪਾਸੇ ਨਕਸਲੀ ਦਲਾਲਾਂ, ਜਗੀਰਦਾਰਾਂ, ਸੂਦਖੋਰਾਂ, ਟਾਊਟਾ ਨੂੰ ਕਤਲ ਕਰ ਰਹੇ ਸਨ ਦੂਜੇ ਪਾਸੇ ਪੁਲਿਸ ਨਕਸਲੀਆਂ ਨੂੰ ਮਾਰ ਰਹੀ ਸੀ। ਇਸ ਦੌਰਾਨ ਖੱਬੀ ਧਿਰ ਕਈ ਫਰੰਟਾਂ ਉੱਤੇ ਲੜ ਰਹੀ ਸੀ। ਇਸ ਸਮੇਂ ਨਕਸਲੀ ਲਹਿਰ ਦੇ ਬਰਾਬਰ ਖੱਬੀਆਂ ਧਿਰਾਂ ਵੀ ਆਪਣੀ ਆਪਣੀ ਪਾਰਟੀ ਲਾਇਨ ਨਾਲ ਸਰਗਰਮ ਰਹਿੰਦੀਆਂ। ਉਹ ਜ਼ਮੀਨ ਸੁਧਾਰ ਦੇ ਮਸਲੇ ਉੱਤੇ ਨਿੱਠ ਕੇ ਕੰਮ ਕਰਦੀਆਂ ਹਨ। ਕਿਤਾਬ ਦਾ ਲੇਖਕ ਮੰਨਦਾ ਹੈ ਕਿ ਨਕਸਲੀ ਲਹਿਰ ਦੌਰਾਨ ਨੁਕਸਾਨ ਉੱਠਾ ਚੁੱਕੇ ਖੱਬੇ ਪੱਖੀਆਂ ਲਈ 'ਮੋਗਾ ਘੋਲ' ਨਵੀਂ ਉਮੀਦ ਲੈ ਕੇ ਆਉਂਦਾ ਹੈ। 1975 ਵਿੱਚ ਐਮਰਜੈਂਸੀ ਦਾ ਸਮਾਂ ਖੱਬੀਆਂ ਧਿਰਾਂ ਲਈ ਹੋਰ ਵੀ ਸੰਕਟ ਦਾ ਸਮਾਂ ਰਹਿੰਦਾ ਹੈ। ਐਮਰਜੈਂਸੀ ਦੇ ਹੱਕ ਵਿੱਚ ਇਕ ਖੱਬੀ ਧਿਰ ਨੂੰ ਨੁਕਸਾਨ ਉਠਾਉਣਾ ਪੈਂਦਾ ਹੈ। 1980 ਵਿੱਚ ਫਿਰ ਸੀ. ਪੀ. ਆਈ. ਅਤੇ ਸੀ. ਪੀ. ਆਈ. (ਐਮ) ਵਿਚਕਾਰ ਸੰਬੰਧ ਸੁਧਰਨ ਲੱਗ ਪੈਂਦੇ ਹਨ। ਅੱਠਵੇਂ ਦਹਾਕੇ ਵਿੱਚ ਖੱਬੀ ਲਹਿਰ ਦਾ ਪ੍ਰਭਾਵ ਇਕ ਵਿਸ਼ੇਸ਼ ਵਰਗ ਵਿੱਚ ਰਹਿੰਦਾ ਹੈ। ਅਜਿਹੀ ਲੇਖਕ ਦੀ ਧਾਰਨਾ ਹੈ।

ਕਿਤਾਬ ਵਿੱਚ ਖਾਲਿਸਤਾਨੀ ਲਹਿਰ ਦੌਰਾਨ ਖੱਬੀਆਂ ਧਿਰਾਂ ਦੀ ਭੂਮਿਕਾ ਦਾ ਵੀ ਅਧਿਐਨ ਕੀਤਾ ਗਿਆ ਹੈ। ਖੱਬੀ ਧਿਰ ਧਾਰਮਿਕ ਫ਼ਿਰਕਾਪ੍ਰਸਤੀ ਨੂੰ ਉਤਸ਼ਾਹ ਕਰਨ ਲਈ ਕਾਂਗਰਸ ਤੇ ਅਕਾਲੀਆਂ ਨੂੰ ਦੋਸ਼ੀ ਦੱਸਦੇ ਹਨ। ਏਸ ਦੌਰਾਨ ਨਕਸਲੀ ਧਿਰਾਂ ਮੁੜ ਸਰਗਰਮ ਹੋ ਜਾਂਦੀਆਂ ਹਨ। ਸੀ. ਪੀ. ਆਈ. (ਐਮ. ਐਲ.) ਤੇ 13 ਮਾਰਕਸੀ ਲੈਨਿਨਵਾਦੀ ਧੜਿਆ ਨੂੰ ਇਕੱਠਾ ਕਰਕੇ ਇਕ ਏਕਤਾ ਮੀਟਿੰਗ ਸਾਰੀ ਖੱਬੀ ਧਿਰ ਕਰਦੀ ਹੈ। ਇਸ ਕਤਾਰਬੰਦੀ ਦਾ ਪੰਜਾਬ ਦੇ ਵੱਖ-ਵੱਖ ਖੱਬੇ ਪੱਖੀ ਧੜਿਆ ਤੇ ਅਸਰ ਪੈਂਦਾ ਹੈ। ਲੇਖਕ ਜ਼ਿਕਰ ਕਰਦਾ ਹੈ ਕਿ ਅੱਤਵਾਦੀਆਂ ਵੱਲੋਂ ਖੱਬੇ ਪੱਖੀਆਂ ਤੇ ਹਮਲੇ ਹੋਣੇ ਸ਼ੁਰੂ ਹੋ ਜਾਂਦੇ ਹਨ ਜਦ ਕਿ ਖੱਬੇ ਪੱਖੀ ਏਸ ਸਮੇਂ ਦੌਰਾਨ ਸ਼ਾਂਤੀ, ਸਦਭਾਵਨਾ, ਆਪਸੀ ਭਾਈਚਾਰੇ ਨੂੰ ਬਣਾਈ ਰੱਖਣ ਲਈ ਸਾਰੀ ਊਰਜਾ ਲਾ ਦਿੰਦੇ ਹਨ। ਜਾਤੀਵਾਦੀ ਸਿਆਸਤ ਦੇ ਉਭਰਨ ਨਾਲ ਖੱਬੀ ਧਿਰ ਨੂੰ ਨੁਕਸਾਨ ਹੁੰਦਾ ਹੈ ਤੇ ਢਾਹ ਵੀ ਲੱਗਦੀ ਹੈ।

ਕਿਤਾਬ ਦੇ ਅਖੀਰ ਤੋਂ ਪਹਿਲਾਂ ਲੇਖਕ ਖੱਬੀਆਂ ਧਿਰਾਂ ਤੇ ਸੰਸਦੀ ਪ੍ਰਣਾਲੀ ਤਹਿਤ ਦੇਸ਼ ਵੰਡ ਤੋਂ ਲੈ ਕੇ 1991 ਤੱਕ ਸੰਸਦੀ ਪ੍ਰਣਾਲੀ ਨੂੰ ਪੰਜਾਬ ਦੀ ਚੋਣ ਪ੍ਰਣਾਲੀ ਵਿੱਚ ਖੱਬੀਆਂ ਧਿਰਾਂ ਦੀ ਸਮੂਲੀਅਤ ਤੇ ਉਨ੍ਹਾਂ ਦੀ ਚੋਣਾਂ 'ਚ ਸਪੇਸ ਦਾ ਅਧਿਐਨ ਕੀਤਾ ਗਿਆ ਹੈ। ਲੇਖਕ ਵਿਸਥਾਰ ਤੇ ਬਰੀਕੀ ਵਿੱਚ ਜਾ ਅਨੇਕਾਂ ਅੰਕੜੇ ਦਿੰਦਾ ਹੋਇਆ ਖੱਬੀ ਧਿਰ ਦੀ ਸਪੇਸ ਨੂੰ ਬਿਆਨ ਕਰਦਾ ਹੋਇਆ ਉਸ ਦਾ ਅਧਿਐਨ ਕਰਦਾ ਹੈ। ਇਹ ਧਾਰਨਾ ਦਿੰਦਾ ਹੈ ਕਿ ਚੋਣ ਨੀਤੀ ਵਿੱਚ ਜਿਸ ਤਰ੍ਹਾਂ ਬੁਰਜੂਆ ਪਾਰਟੀਆਂ ਵਿੱਚ ਇਕ ਜਮਾਤ ਪੈਦਾ ਹੋਈ ਉਸੇ ਤਰ੍ਹਾਂ ਖੱਬੀਆਂ ਧਿਰਾਂ ਵਿਚ ਵੀ ਆਗੂ ਪੈਦਾ ਹੋਣ ਲੱਗ ਪਏ। ਕਈ ਆਗੂ ਪੰਜ ਪੰਜ ਵਾਰ ਚੋਣ ਲੜਦੇ ਤੇ ਜਿੱਤਦੇ ਰਹੇ। ਉਨ੍ਹਾਂ ਦੀ ਮੌਤ ਉਪਰੰਤ ਉਹ ਸੀਟਾਂ ਉਨ੍ਹਾਂ ਤੇ ਪਾਰਟੀ ਹੱਥੋਂ ਖਿਸਕ ਗਈਆਂ। ਨਵੀਂ ਲੀਡਰਸਿਪ ਪੈਦਾ ਨਹੀਂ ਹੋ ਸਕੀ। ਜਿਸ ਕਾਰਨ ਖੱਬੀਆਂ ਪਾਰਟੀਆਂ ਦੇ ਗੜ੍ਹ ਖਾਲੀ ਤੇ ਖਤਮ ਹੁੰਦੇ ਗਏ। ਲੇਖਕ ਸੀ. ਪੀ. ਆਈ. ਦੇ ਆਗੂ ਗੋਪਾਲਨ ਦੇ ਹਵਾਲੇ ਨਾਲ ਕਹਿੰਦਾ ਹੈ ਕਿ ਉਸੇ ਸਮੇਂ ਦੌਰਾਨ ਰੇਖਾਂਕਿਤ ਕੀਤੀਆਂ ਗਈਆਂ ਊਣਤਾਈਆਂ ਨੂੰ ਖੱਬੀਆਂ ਪਾਰਟੀਆਂ ਨੇ ਨਾ ਪਹਿਚਾਣਿਆ ਅਤੇ ਨਾ ਹੀ ਇਸ ਪਹੁੰਚ ਵਿੱਚ ਤਬਦੀਲੀ ਲਿਆਉਣ ਦੀ ਕੋਸ਼ਿਸ਼ ਕੀਤੀ।

ਲੇਖਕ ਨੇ ਸੰਸਾਰ ਕਮਿਊਨਿਸਟ ਲਹਿਰ ਨੂੰ ਪਛਾਣ ਦੇ ਸੰਦਰਭ ਵਿੱਚ ਪੰਜਾਬ ਦੀ ਖੱਬੀ ਲਹਿਰ ਦੀ ਗੱਲ ਵੀ ਕੀਤੀ ਹੈ। ਸੋਵੀਅਤ ਸੰਘ ਦੇ ਢਹਿ ਢੇਰੀ ਹੋ ਜਾਣ ਉਪਰੰਤ ਪੰਜਾਬ ਦੀਆਂ ਖੱਬੀਆਂ ਧਿਰਾਂ ਤੇ ਕੀ ਅਸਰ ਹੁੰਦਾ ਹੈ ਇਸ ਦਾ ਵਿਸ਼ਲੇਸ਼ਣ ਵੀ ਕਿਤਾਬ ਵਿੱਚ ਕੀਤਾ ਗਿਆ ਹੈ। ਇਸ ਦੌਰਾਨ ਭਾਵੇਂ ਖੱਬੀਆਂ ਧਿਰਾਂ ਖੇਤ ਮਜ਼ਦੂਰਾਂ ਦੀਆਂ ਉਜਰਤਾਂ ਵਿੱਚ ਵਾਧੇ ਲਈ ਸੰਘਰਸ਼ ਲੜਦੀਆਂ ਰਹੀਆਂ, ਲੇਖਕ ਕਹਿੰਦਾ ਹੈ ਫਿਰ ਵੀ ਹਰੀ ਕ੍ਰਾਂਤੀ ਦਾ ਲਾਭ ਖੇਤ ਮਜ਼ਦੂਰਾਂ ਨੂੰ ਨਹੀਂ ਮਿਲੇ, ਜਿਵੇਂ ਖੇਤੀ ਜਿਨਸਾਂ ਦੇ ਝਾੜ ਅਤੇ ਭਾਅ ਵਿੱਚ ਵਾਧਾ ਹੋਇਆ। ਲੇਖਕ ਮਜ਼ਦੂਰਾਂ ਵਿੱਚ ਪੈਦਾ ਹੋਈ ਬੇਚੈਨੀ ਦਾ ਜ਼ਿਕਰ ਕਰਦਾ ਹੈ। ਉਹ ਅੱਗੇ ਕਹਿੰਦਾ ਹੈ ਕਿ ਜ਼ਿਮੀਦਾਰਾਂ ਤੇ ਬੇਜ਼ਮੀਨੇ ਜਾਂ ਘੱਟ ਜ਼ਮੀਨ ਵਾਲਿਆਂ ਵਿੱਚ ਪਾੜੇ ਦੀ ਸਮੱਸਿਆਵਾਂ ਨੂੰ ਖੱਬੀਆਂ ਧਿਰਾਂ ਨੇ ਸੰਘਰਸ਼ ਤਾਂ ਕੀਤੇ ਪਰ ਨਤੀਜੇ ਸਾਰਥਕ ਨਹੀਂ ਨਿਕਲੇ। ਅੰਤ ਵਿੱਚ ਲੇਖਕ ਨੇ ਖੱਬੀ ਧਿਰ ਦੇ ਆਗੂਆਂ ਦੇ ਜੀਵਨੀ ਮੂਲਕ ਹਵਾਲੇ ਵੀ ਦਿੱਤੇ ਹਨ।

ਡਾ. ਸਰਬਜੀਤ ਕੰਗਣੀਵਾਲ ਨੇ ਪੰਜਾਬ ਦੀ ਖੱਬੀ ਲਹਿਰ ਦਾ ਅਧਿਐਨ, ਵਿਸ਼ਲੇਸ਼ਣ ਵਿੱਥ ਤੇ ਖੜ ਕੇ ਤਰਕ ਤੇ ਬਿਨਾ ਕਿਸੇ ਧਿਰ ਪ੍ਰਤੀ ਉਲਾਰ ਹੋਇਆ ਕੀਤਾ ਹੈ। ਸਰਬਜੀਤ ਨੇ ਇਹ ਇਤਿਹਾਸਕ ਕਾਰਜ ਕੀਤਾ ਹੈ। ਜਿਹੜਾ ਅਗਲੀਆਂ ਪੀੜ੍ਹੀਆਂ ਲਈ ਇਕ ਦਸਤਾਵੇਜ਼ ਦਾ ਕੰਮ ਕਰੇਗਾ। ਕਿਤਾਬ ਦੀ ਵਿਚਾਰਧਾਰਕ ਪਹੁੰਚ ਪ੍ਰਤੀ ਸਹਿਮਤੀ-ਅਸਹਿਮਤੀ ਹੋਣੀ ਵੱਖਰਾ ਮੁੱਦਾ ਹੈ ਪਰ ਚੇਤਨ ਪਾਠਕਾਂ ਵੱਲੋਂ ਪੰਜਾਬ ਦਾ ਇਤਿਹਾਸ ਜਾਨਣ ਲਈ ਇਹ ਪੁਸਤਕ ਪੜ੍ਹਨੀ ਬਹੁਤ ਜ਼ਰੂਰੀ ਹੈ। ਸਿਲੇਬਸਾਂ ਵਿੱਚ ਸਾਨੂੰ ਇਸ ਕਿਸਮ ਦਾ ਇਤਿਹਾਸ ਬਿਲਕੁਲ ਨਹੀਂ ਪੜ੍ਹਾਇਆ ਜਾਂਦਾ।

ਸੰਪਰਕ 94170-64350

ਸਫ਼ਾ 1 ਦੀ ਬਾਕੀ

## ਟਰਾਂਸਜੈਂਡਰ ਪਛਾਣ ਦਾ ਵਿਕਾਸ...

ਵਿੱਚ ਵਿਲੱਖਣ ਬਣਤਰ ਪੈਦਾ ਕਰ ਦਿੰਦਾ ਹੈ, ਜੋ ਅੱਗੇ ਚੱਲ ਕੇ ਟਰਾਂਸਜੈਂਡਰ ਪਛਾਣ ਦਾ ਜੈਵਿਕ ਆਧਾਰ ਬਣਦੀ ਹੈ।

ਗਰਭ ਅਵਸਥਾ ਦੌਰਾਨ ਤਣਾਅ ਦੁਨੀਆ ਭਰ ਵਿੱਚ ਹਰ ਸਾਲ ਲੱਖਾਂ ਗਰਭਵਤੀ ਔਰਤਾਂ ਨੂੰ ਪ੍ਰਭਾਵਿਤ ਕਰਦਾ ਹੈ। ਜਨਮ ਤੋਂ ਪਹਿਲਾਂ ਦੇ ਇਸ ਮਾਨਸਿਕ ਜਾਂ ਮਨੋਵਿਗਿਆਨਕ ਤਣਾਅ ਨੂੰ ਗਰਭ ਵਿੱਚ ਪਲ ਰਹੇ ਬੱਚੇ ਦੇ ਦਿਮਾਗ਼ ਦੇ ਵਿਕਾਸ ਨੂੰ ਪ੍ਰਭਾਵਿਤ ਕਰਨ ਵਾਲੇ ਮਹੱਤਵਪੂਰਨ ਕਾਰਕ ਵਜੋਂ ਮਾਨਤਾ ਦਿੱਤੀ ਜਾ ਰਹੀ ਹੈ। ਜਦੋਂ ਕੋਈ ਗਰਭਵਤੀ ਔਰਤ ਬਹੁਤ ਜ਼ਿਆਦਾ ਸਰੀਰਕ ਜਾਂ ਮਾਨਸਿਕ ਤਣਾਅ ਵਿੱਚ ਹੁੰਦੀ ਹੈ ਤਾਂ ਉਸ ਦੇ ਨਰ ਭਰੂਣ ਦੇ ਵਿਕਾਸ 'ਤੇ ਵੀ ਖਾਸ ਪ੍ਰਭਾਵ ਪੈਂਦਾ ਹੈ। ਕੋਰਟੀਸੋਲ ਨਾਮਕ ਹਾਰਮੋਨ ਪੁਰਸ਼ ਅਤੇ ਔਰਤ ਦੋਵਾਂ ਵਿੱਚ ਪਾਇਆ ਜਾਂਦਾ ਹੈ। ਇਸ ਦਾ ਮੁੱਖ ਕੰਮ ਤਣਾਅ ਕੰਟਰੋਲ ਕਰਨਾ, ਬਲੱਡ ਪ੍ਰੈਸ਼ਰ ਠੀਕ ਰੱਖਣਾ ਅਤੇ ਸਰੀਰ ਨੂੰ ਊਰਜਾ ਦੇਣਾ ਹੈ।

ਕੋਰਟੀਸੋਲ ਅਤੇ ਟੈਸਟੋਸਟੀਰੋਨ ਹਾਰਮੋਨਾਂ ਦਾ ਆਪਸ ਵਿੱਚ ਉਲਟਾ ਸੰਬੰਧ ਹੈ। ਜਦੋਂ ਪੁਰਸ਼ਾਂ ਵਿੱਚ ਕੋਰਟੀਸੋਲ ਦਾ ਪੱਧਰ ਵਧ ਜਾਵੇ ਤਾਂ ਟੈਸਟੋਸਟੀਰੋਨ ਦਾ ਪੱਧਰ ਘਟ ਜਾਂਦਾ ਹੈ। ਗਰਭਵਤੀ ਔਰਤਾਂ ਦਾ ਕੋਰਟੀਸੋਲ ਦਾ ਵਧਿਆ ਹੋਇਆ ਪੱਧਰ ਕਈ ਤਰੀਕਿਆਂ ਨਾਲ ਨਰ ਭਰੂਣ ਦੇ ਹਾਰਮੋਨ ਸੰਬੰਧੀ ਵਿਕਾਸ ਨੂੰ ਪ੍ਰਭਾਵਿਤ ਕਰ ਸਕਦਾ ਹੈ:

ਟੈਸਟੋਸਟੀਰੋਨ ਬਣਾਉਣ ਲਈ ਦਿਮਾਗ਼ ਇੱਕ ਖਾਸ ਸੰਕੇਤ ਭੇਜਦਾ ਹੈ, ਪਰ ਖੂਨ ਵਿੱਚ ਕੋਰਟੀਸੋਲ ਬਹੁਤ ਜ਼ਿਆਦਾ ਹੋਣ ਕਰਕੇ ਇਹ ਦਿਮਾਗ਼ ਦੇ ਉਸ ਹਿੱਸੇ ਦੇ ਕੰਮ ਵਿੱਚ ਰੁਕਾਵਟ ਪੈਦਾ ਕਰਦਾ ਹੈ। ਇਸ ਨਾਲ ਟੈਸਟੋਸਟੀਰੋਨ ਦਾ ਉਤਪਾਦਨ ਘਟ ਜਾਂਦਾ ਹੈ।

ਜਦੋਂ ਸਰੀਰ ਵਿੱਚ ਤਣਾਅ ਹੁੰਦਾ ਹੈ ਤਾਂ ਦਿਮਾਗ਼ ਬਚਾਅ ਦਾ ਤਰੀਕਾ ਅਪਣਾ ਲੈਂਦਾ ਹੈ ਅਤੇ ਸਾਰੀ ਊਰਜਾ ਕੋਰਟੀਸੋਲ ਬਣਾਉਣ ਵਿੱਚ ਲਗਾ ਦਿੰਦਾ ਹੈ। ਅਜਿਹੀ ਸਥਿਤੀ ਵਿੱਚ ਪ੍ਰਜਣਨ, ਮਾਸਪੇਸ਼ੀਆਂ ਬਣਾਉਣ ਅਤੇ ਮਰਦਾਨਾ ਤਾਕਤ ਵਰਗੇ ਕੰਮਾਂ ਨੂੰ ਦਿਮਾਗ਼ ਉਸ ਵੇਲੇ ਜ਼ਰੂਰੀ ਨਹੀਂ ਸਮਝਦਾ ਅਤੇ ਹਾਰਮੋਨ ਸੰਤੁਲਨ ਵਿਗੜ ਜਾਂਦਾ ਹੈ।

ਮਨੁੱਖਾਂ ਅਤੇ ਜਾਨਵਰਾਂ 'ਤੇ ਕੀਤੀਆਂ ਗਈਆਂ ਖੋਜਾਂ ਅਨੁਸਾਰ ਗਰਭ ਅਵਸਥਾ ਦੌਰਾਨ ਲਗਾਤਾਰ ਰਹਿਣ ਵਾਲਾ ਬਹੁਤ ਜ਼ਿਆਦਾ ਤਣਾਅ ਨਰ ਭਰੂਣ ਦੇ ਵਿਕਾਸ ਲਈ ਲੋੜੀਂਦੇ ਟੈਸਟੋਸਟੀਰੋਨ ਦੇ ਕੁਦਰਤੀ ਉਭਾਰ ਨੂੰ ਦਬਾ ਦਿੰਦਾ ਹੈ।

ਕੋਰਟੀਸੋਲ ਵਧਣ ਨਾਲ ਨੀਂਦ ਖ਼ਰਾਬ ਹੁੰਦੀ ਹੈ। ਪੁਰਸ਼ ਸਰੀਰ ਵਿੱਚ ਸਭ ਤੋਂ ਵੱਧ ਟੈਸਟੋਸਟੀਰੋਨ ਡੂੰਘੀ ਨੀਂਦ ਦੌਰਾਨ ਬਣਦਾ ਹੈ। ਜੇਕਰ ਨੀਂਦ ਪੂਰੀ ਨਹੀਂ ਹੋਵੇਗੀ ਤਾਂ ਟੈਸਟੋਸਟੀਰੋਨ ਦਾ ਪੱਧਰ ਆਪਣੇ ਆਪ ਹੀ ਘਟ ਜਾਵੇਗਾ।

ਗਰਭ ਅਵਸਥਾ ਦੌਰਾਨ ਲਗਾਤਾਰ ਰਹਿਣ ਵਾਲਾ ਤਣਾਅ ਬੱਚਿਆਂ ਦੇ ਜਨਮ ਤੋਂ ਬਾਅਦ ਵੱਡੇ ਹੋਣ 'ਤੇ ਸ਼ੁਕਰਾਣੂਆਂ ਦੀ ਕਮੀ ਅਤੇ ਹੋਰ ਹਾਰਮੋਨ ਸੰਬੰਧੀ ਸਮੱਸਿਆਵਾਂ ਦਾ ਕਾਰਨ ਬਣ ਸਕਦਾ ਹੈ, ਜਦੋਂ ਕਿ ਥੋੜ੍ਹੇ ਸਮੇਂ ਲਈ ਤਣਾਅ ਬੱਚੇ ਦੇ ਸੁਭਾਅ ਵਿੱਚ ਅਸਥਾਈ ਤੌਰ 'ਤੇ ਚਿੜਚੜਾਪਣ ਜਾਂ ਡਰ ਦੀਆਂ ਭਾਵਨਾਵਾਂ ਪੈਦਾ ਕਰ ਸਕਦਾ ਹੈ।

ਗਰਭਵਤੀ ਔਰਤ ਦੀ ਨੀਂਦ ਅਤੇ ਮਾਨਸਿਕ ਤਣਾਅ ਵੀ ਗਰਭ ਅੰਦਰੂਨੀ ਹਾਰਮੋਨ ਸੰਬੰਧੀ ਮਾਹੌਲ ਨਾਲ ਸਿੱਧੇ ਜੁੜੇ ਹੁੰਦੇ ਹਨ। ਦੇਰ ਰਾਤ ਤੱਕ ਮੋਬਾਇਲ ਜਾਂ ਹੋਰ ਚਮਕਦਾਰ ਸਕਰੀਨਾਂ ਦੀ ਵਰਤੋਂ ਨੀਂਦ ਦੇ ਕੁਦਰਤੀ ਚੱਕਰ ਨੂੰ ਪ੍ਰਭਾਵਿਤ ਕਰ ਸਕਦੀ ਹੈ। ਖ਼ਾਸ ਕਰਕੇ ਮੋਬਾਇਲ ਸਕਰੀਨ ਦੀ ਨੀਲੀ ਰੋਸ਼ਨੀ ਨੀਂਦ ਲਿਆਉਣ ਵਾਲੇ ਹਾਰਮੋਨ 'ਮੈਲਾਟੋਨਿਨ' ਦੇ ਕੁਦਰਤੀ ਵਾਧੇ ਨੂੰ ਘਟਾ ਸਕਦੀ ਜਾਂ ਬਣਨ ਤੋਂ ਰੋਕਦੀ ਹੈ, ਜਿਸ ਨਾਲ ਨੀਂਦ ਆਉਣ ਵਿੱਚ ਦੇਰੀ ਹੁੰਦੀ ਹੈ। ਖੋਜਾਂ ਮੁਤਾਬਿਕ ਗਰਭਵਤੀ ਔਰਤਾਂ ਵਿੱਚ ਮੋਬਾਇਲ ਦੀ ਵੱਧ ਵਰਤੋਂ ਨੂੰ ਐਨਜ਼ਾਇਟੀ, ਡਿਪਰੈਸ਼ਨ ਜਾਂ ਨੀਂਦ ਸੰਬੰਧੀ ਸਮੱਸਿਆਵਾਂ ਦਾ ਕਾਰਨ ਬਣਦੀ ਹੈ।

ਨੀਂਦ ਦੀ ਲਗਾਤਾਰ ਕਮੀ ਸਰੀਰ ਦੀ 'ਤਣਾਅ ਹਾਰਮੋਨ ਪ੍ਰਣਾਲੀ' ਨੂੰ ਪ੍ਰਭਾਵਿਤ ਕਰਦੀ ਹੈ, ਜੋ ਕਿ ਕੋਰਟੀਸੋਲ ਦਾ ਪੱਧਰ ਉੱਚਾ ਕਰ ਦਿੰਦੀ ਹੈ। ਰਾਤ ਨੂੰ ਸੋਸ਼ਲ ਮੀਡੀਆ, ਡਰਾਉਣੀਆਂ ਖ਼ਬਰਾਂ, ਬੱਚੇ ਦੇ ਜਨਮ ਜਾਂ ਸਿਹਤ ਨਾਲ ਸੰਬੰਧਤ ਨਕਾਰਾਤਮਕ ਵੀਡੀਓ ਵੇਖਣ ਨਾਲ ਦਿਮਾਗ਼ ਸ਼ਾਂਤ ਹੋਣ ਦੀ ਬਜਾਏ ਉਤੇਜਿਤ ਹੋ ਜਾਂਦਾ ਹੈ, ਜਿਸ ਨਾਲ ਕੋਰਟੀਸੋਲ ਹਾਰਮੋਨ ਤੁਰੰਤ ਆਪਣਾ ਕਾਰਜ ਸ਼ੁਰੂ ਕਰ ਸਕਦੇ ਹਨ। ਦੇਰ ਰਾਤ ਤੱਕ ਫੋਨ ਵਰਤਣ ਕਰਕੇ ਵਧਿਆ ਹੋਇਆ ਕੋਰਟੀਸੋਲ ਪਲੈਸੈਂਟਾਜ਼ਰੀਏ ਭਰੂਣ ਤੱਕ ਪਹੁੰਚ ਜਾਂਦਾ ਹੈ ਅਤੇ ਇਹ ਉਸ ਦੇ ਹਾਰਮੋਨ ਵਿਕਾਸ 'ਚ ਵਿਘਨ ਪਾਉਂਦਾ ਹੈ। ਜਿਸ ਨਾਲ ਨਰ ਭਰੂਣ ਦੇ ਟੈਸਟੋਸਟੀਰੋਨ ਦੇ ਕੁਦਰਤੀ ਪ੍ਰਵਾਹ ਵਿੱਚ ਰੁਕਾਵਟ ਆ ਸਕਦੀ ਹੈ।

ਗਰਭ ਦੇ ਅੰਦਰਲੇ ਹਾਰਮੋਨ ਸੰਬੰਧੀ ਮਾਹੌਲ ਨੂੰ ਸਿਰਫ਼ ਮਾਂ ਦੇ ਆਪਣੇ ਹਾਰਮੋਨ ਜਾਂ ਤਣਾਅ ਹੀ ਪ੍ਰਭਾਵਿਤ ਨਹੀਂ ਕਰਦੇ। ਵਾਤਾਵਰਣ ਵਿੱਚ ਮੌਜੂਦ ਕੁਝ ਬਾਹਰੀ ਰਸਾਇਣ ਵੀ ਸਰੀਰ ਦੀ ਹਾਰਮੋਨ ਪ੍ਰਣਾਲੀ ਵਿੱਚ ਦਖ਼ਲ ਦੇ ਸਕਦੇ ਹਨ। ਅਜਿਹੇ ਰਸਾਇਣਾਂ ਨੂੰ ਐਂਡੋਕ੍ਰਾਈਨ-ਡਿਸਰਪਟਿੰਗ ਕੈਮੀਕਲ ਭਾਵ ਹਾਰਮੋਨ ਪ੍ਰਣਾਲੀ ਵਿੱਚ ਵਿਘਨ ਪਾਉਣ ਵਾਲੇ ਰਸਾਇਣ ਕਿਹਾ ਜਾਂਦਾ ਹੈ। ਇਹ ਕੁਦਰਤੀ ਜਾਂ ਮਨੁੱਖ ਦੁਆਰਾ ਬਣਾਏ ਗਏ ਰਸਾਇਣ ਹੁੰਦੇ ਹਨ, ਜੋ ਕਿ ਸਰੀਰ ਦੇ ਹਾਰਮੋਨ ਸਿਸਟਮ ਵਿੱਚ ਦਖ਼ਲਅੰਦਾਜ਼ੀ ਕਰ ਸਕਦੇ ਹਨ। ਇਹ ਰਸਾਇਣ ਕਈ ਤਰ੍ਹਾਂ ਦੇ ਹੁੰਦੇ ਹਨ, ਜੋ ਕਿ ਵੱਖਰੇ ਉਤਪਾਦਾਂ ਵਿੱਚ ਪਾਏ ਜਾਂਦੇ ਹਨ ਅਤੇ ਇਨ੍ਹਾਂ ਦਾ ਸਰੀਰ 'ਤੇ ਪ੍ਰਭਾਵ ਵੀ ਵੱਖਰਾ ਹੁੰਦਾ ਹੈ।

ਗਰਭ ਦੌਰਾਨ ਬਾਹਰੀ ਹਾਰਮੋਨ ਸੰਬੰਧੀ ਪਦਾਰਥਾਂ ਦੇ ਸੰਪਰਕ ਨੂੰ ਲਿੰਗ ਪਛਾਣ ਨਾਲ ਜੋੜ ਕੇ ਵੇਖਣ ਵਾਲੀਆਂ ਖੋਜਾਂ ਵਿੱਚ ਡਾਈਥਾਈਲਸਟਿਲਬੇਸਟ੍ਰੋਲ ਬਾਰੇ ਅਧਿਐਨ ਖਾਸ ਧਿਆਨਯੋਗ ਹਨ। ਇਹ ਇੱਕ ਸਿੰਥੈਟਿਕ ਦਵਾਈ ਸੀ, ਜੋ ਕਿ ਪਿਛਲੇ ਸਮੇਂ ਵਿੱਚ ਗਰਭਵਤੀ ਔਰਤਾਂ ਨੂੰ ਦਿੱਤੀ ਜਾਂਦੀ ਸੀ। ਬਾਅਦ ਵਿੱਚ ਗਰਭ ਦੌਰਾਨ ਡਾਈਥਾਈਲਸਟਿਲਬੇਸਟ੍ਰੋਲ ਦੇ ਸੰਪਰਕ ਦਾ ਪ੍ਰਭਾਵ ਬੱਚਿਆਂ ਵਿੱਚ ਪ੍ਰਜਣਨ ਅੰਗਾਂ, ਹਾਰਮੋਨ ਸੰਬੰਧੀ ਵਿਕਾਸ ਅਤੇ ਕੁਝ ਮਨੋਵਿਗਿਆਨਕ ਪ੍ਰਭਾਵਾਂ ਨਾਲ ਜੋੜਿਆ ਗਿਆ। ਇਸ ਲਈ ਇਸ ਦਵਾਈ ਨੂੰ ਹਾਰਮੋਨ ਪ੍ਰਣਾਲੀ ਵਿੱਚ ਵਿਘਨ ਪਾਉਣ ਵਾਲੇ ਰਸਾਇਣਾਂ ਦੀ ਚਰਚਾ ਵਿੱਚ ਇੱਕ ਮਹੱਤਵਪੂਰਨ ਉਦਾਹਰਣ ਵਜੋਂ ਵੇਖਿਆ ਜਾਂਦਾ ਹੈ।

2024 'ਚ ਛਪੇ ਇੱਕ ਅਧਿਐਨ ਵਿੱਚ ਉਨ੍ਹਾਂ (ਪੁਰਸ਼) ਵਿਅਕਤੀਆਂ ਦਾ ਵਰਨਣ ਕੀਤਾ ਗਿਆ, ਜਿਨ੍ਹਾਂ ਦੀਆਂ ਮਾਵਾਂ ਗਰਭ ਦੌਰਾਨ ਇਸ ਰਸਾਇਣ ਦੇ ਸੰਪਰਕ ਵਿੱਚ ਆਈਆਂ ਸਨ। ਇਨ੍ਹਾਂ ਵਿੱਚੋਂ ਕੁਝ ਵਿਅਕਤੀਆਂ ਨੇ ਆਪਣੀ ਪਛਾਣ ਟ੍ਰਾਂਸਵੋਮੈਨ (ਪੁਰਸ਼ ਤੋਂ ਔਰਤ) ਵਜੋਂ ਦਰਸਾਈ। ਇਨ੍ਹਾਂ ਵਿਅਕਤੀਆਂ ਨੇ ਔਰਤ ਵਜੋਂ ਆਪਣੀ ਟਰਾਂਸਜੈਂਡਰ ਪਛਾਣ ਦੇ ਲੱਛਣ ਬਚਪਨ ਜਾਂ ਕਿਸ਼ੋਰ ਅਵਸਥਾ ਤੋਂ ਹੀ ਪਛਾਨਣੇ ਸ਼ੁਰੂ ਕਰ ਦਿੱਤੇ ਸਨ। ਇਸ ਅਧਿਐਨ ਅਨੁਸਾਰ ਇਹ ਸੰਭਾਵਨਾਵਾਂ ਪ੍ਰਗਟ ਕੀਤੀਆਂ ਗਈਆਂ ਕਿ ਗਰਭ ਦੌਰਾਨ ਇਸ ਦਵਾਈ ਦਾ ਉਪਯੋਗ ਨਰ ਭਰੂਣ ਵਿਕਾਸ, ਦਿਮਾਗ਼ੀ ਤੌਰ 'ਤੇ ਲਿੰਗਕ ਵਿਭਿੰਨਤਾ, ਜਿਨਸੀ ਵਿਵਹਾਰ 'ਤੇ ਪ੍ਰਭਾਵ ਪਾ ਸਕਦਾ ਹੈ।

ਐਂਡੋਕ੍ਰਾਈਨ ਸੁਸਾਇਟੀ ਅਨੁਸਾਰ ਦੁਨੀਆ ਵਿੱਚ ਮਨੁੱਖ ਦੁਆਰਾ ਬਣਾਏ ਗਏ ਤਕਰੀਬਨ 85000 ਰਸਾਇਣ ਹਨ, ਜਿਨ੍ਹਾਂ ਵਿੱਚੋਂ ਬਹੁਤ ਸਾਰੇ ਹਰ ਰੋਜ਼ ਲੋਕਾਂ ਦੇ ਸੰਪਰਕ ਵਿੱਚ ਆਉਂਦੇ ਹਨ। ਅਜੇ ਤੱਕ ਇਨ੍ਹਾਂ ਵਿੱਚੋਂ ਕੇਵਲ ਇੱਕ ਪ੍ਰਤੀਸ਼ਤ ਦਾ ਅਧਿਐਨ ਕੀਤਾ ਗਿਆ ਹੈ, ਹਾਲਾਂਕਿ ਇਨ੍ਹਾਂ ਵਿੱਚੋਂ ਹਜ਼ਾਰ ਤੋਂ ਵੱਧ ਰਸਾਇਣਾਂ ਵਿੱਚ ਸੰਭਾਵੀ ਦਖ਼ਲਅੰਦਾਜ਼ੀ ਵਾਲੇ ਗੁਣ ਹੋ ਸਕਦੇ ਹਨ।

ਇਹ ਰਸਾਇਣ ਰੋਜ਼ਾਨਾ ਵਰਤੋਂ ਵਾਲੀਆਂ ਬਹੁਤ ਸਾਰੀਆਂ ਵਸਤੂਆਂ ਵਿੱਚ ਪਾਏ ਜਾਂਦੇ ਹਨ, ਜਿਵੇਂ ਕਿ ਕੁਝ ਪ੍ਰਕਾਰ ਦੀ ਸ਼ਿੰਗਾਰ ਸਮੱਗਰੀ, ਖਾਣ-ਪੀਣ ਵਾਲੀਆਂ ਚੀਜ਼ਾਂ ਦੀ ਪੈਕਿੰਗ, ਖਿਡੌਣੇ, ਕਾਰਪੈਟ ਅਤੇ ਕੀਟਨਾਸ਼ਕ ਆਦਿ। ਇਨ੍ਹਾਂ ਰਸਾਇਣਾਂ ਨਾਲ ਵਿਅਕਤੀ ਦਾ ਸੰਪਰਕ ਹਵਾ, ਭੋਜਨ, ਚਮੜੀ ਅਤੇ ਪਾਣੀ ਨਾਲ ਹੋ ਸਕਦਾ ਹੈ। ਅੱਜ ਦੇ ਆਧੁਨਿਕ ਯੁੱਗ ਵਿੱਚ ਇਨ੍ਹਾਂ ਰਸਾਇਣਾਂ ਤੋਂ ਪੂਰੀ ਤਰ੍ਹਾਂ ਬਚਣਾ ਜਾਂ ਇਨ੍ਹਾਂ ਨੂੰ ਹਟਾਉਣਾ ਸੰਭਵ ਨਹੀਂ ਹੈ। ਹਾਲਾਂਕਿ, ਜਾਣਕਾਰੀ ਹੋਣ 'ਤੇ ਨਿੱਜੀ ਚੋਣ ਰਾਹੀਂ ਇਨ੍ਹਾਂ ਨਾਲ ਸੰਪਰਕ ਅਤੇ ਸਿਹਤ ਦੇ ਸੰਭਾਵਿਤ ਜੋਖਮ ਨੂੰ ਘਟਾਇਆ ਜਾ ਸਕਦਾ ਹੈ। ਜੇਕਰ ਕੋਈ ਰਸਾਇਣ ਟੈਸਟੋਸਟੀਰੋਨ, ਐਸਟ੍ਰੋਜਨ ਜਾਂ ਹੋਰ ਕਿਸੇ ਸੈਕਸ ਹਾਰਮੋਨ ਦੇ ਪੱਧਰ ਜਾਂ ਸੰਕੇਤਾਂ ਵਿੱਚ ਬਦਲਾਅ ਆਵੇ ਤਾਂ ਇਹ ਪ੍ਰਜਣਨ ਵਿਕਾਸ ਅਤੇ ਸੈਕਸ ਨਾਲ ਸੰਬੰਧਤ ਜੈਵਿਕ ਪ੍ਰਕਿਰਿਆਵਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ। ਹਾਰਮੋਨ ਪ੍ਰਣਾਲੀ ਵਿੱਚ ਵਿਘਨ ਪਾਉਣ ਵਾਲੇ ਕੁਝ ਰਸਾਇਣਾਂ ਯੁਕਤ ਉਤਪਾਦਾਂ ਬਾਰੇ ਹੇਠਾਂ ਜਾਣਕਾਰੀ ਦਿੱਤੀ ਗਈ ਹੈ, ਜੋ ਰੋਜ਼ਾਨਾ ਜ਼ਿੰਦਗੀ ਵਿੱਚ ਆਮ ਵਰਤੋਂ ਵਿੱਚ ਆਉਂਦੇ ਹਨ।

ਥੈਲੇਟਸ ਪਲਾਸਟਿਕ ਉਤਪਾਦ ਬਣਾਉਣ ਲਈ ਇਸਤੇਮਾਲ ਹੋਣ ਵਾਲੇ ਸਿੰਥੈਟਿਕ ਕੈਮੀਕਲ ਹੁੰਦੇ ਹਨ। ਇਨ੍ਹਾਂ ਦੀ ਵਧੇਰੇ ਵਰਤੋਂ ਖਾਸ ਤੌਰ 'ਤੇ ਪੀ.ਵੀ.ਸੀ. ਨੂੰ ਲਚਕਦਾਰ ਅਤੇ ਟਿਕਾਊ ਬਣਾਉਣ ਲਈ ਕੀਤੀ ਜਾਂਦੀ ਹੈ। ਪੀ.ਵੀ.ਸੀ. ਆਪਣੇ ਗੁਣਾਂ ਕਰਕੇ ਦੁਨੀਆ ਵਿੱਚ ਸਭ ਤੋਂ ਵੱਧ ਬਣਾਇਆ ਅਤੇ ਵਰਤਿਆ ਜਾਣ ਵਾਲਾ ਪਲਾਸਟਿਕ ਹੈ। ਪੀ.ਵੀ.ਸੀ. ਨੂੰ ਵਾਤਾਵਰਣ ਲਈ ਸਭ ਤੋਂ ਸਭ ਤੋਂ ਵੱਧ ਖਤਰਨਾਕ ਅਤੇ ਜ਼ਹਿਰੀਲੇ ਪਲਾਸਟਿਕਾਂ ਵਿੱਚੋਂ ਇੱਕ ਵਜੋਂ ਸ਼੍ਰੇਣੀਬੱਧ ਕੀਤਾ ਗਿਆ ਹੈ। ਥੈਲੇਟਸ ਵਿਆਪਕ ਤੌਰ 'ਤੇ ਵਰਤੇ ਜਾਣ ਵਾਲੇ ਰਸਾਇਣਾਂ ਦੀ ਅਜਿਹੀ ਲੜੀ ਹੈ, ਜੋ ਕਿ ਸਰੀਰ ਦੇ ਹਾਰਮੋਨ ਸਿਸਟਮ ਵਿੱਚ ਦਖ਼ਲਅੰਦਾਜ਼ੀ ਕਰਦੇ ਹਨ। ਐਂਡੋਕ੍ਰਾਈਨ ਸੁਸਾਇਟੀ ਅਨੁਸਾਰ ਇਹ ਟੈਸਟੋਸਟੀਰੋਨ ਦੇ ਉਤਪਾਦਨ ਵਿੱਚ ਵਿਘਨ ਪਾਉਂਦੇ ਹਨ, ਜੋ ਕਿ ਪੁਰਸ਼ਾਂ ਦੇ ਵਿਕਾਸ ਵਿੱਚ ਬਹੁਤ ਮਹੱਤਵਪੂਰਨ ਹਾਰਮੋਨ ਹੈ। ਜਦੋਂ ਇਹ ਕੈਮੀਕਲ ਗਰਭਵਤੀ ਔਰਤ ਦੇ ਅੰਦਰ ਜਾਂਦੇ ਹਨ ਤਾਂ ਹਾਰਮੋਨਾਂ ਵਿੱਚ ਸਮੱਸਿਆਵਾਂ ਪੈਦਾ ਕਰਦੇ ਹਨ। ਜੋ ਨਰ ਭਰੂਣ ਹੁੰਦਾ ਹੈ, ਉਸ ਦੇ ਟੈਸਟੋਸਟੀਰੋਨ ਦੇ ਉਤਪਾਦਨ 'ਤੇ ਪਿਆ ਪ੍ਰਭਾਵ ਉਸ ਦੇ ਵੱਡੇ ਹੋਣ 'ਤੇ ਵੇਖਣ ਨੂੰ ਮਿਲ ਸਕਦਾ ਹੈ।

ਪਲਾਸਟਿਕ ਵਿੱਚ ਇੱਕ ਹੋਰ ਰਸਾਇਣ ਬਿਸਫ਼ਿਨੋਲ ਏ ਕਾਫ਼ੀ ਜਾਣਿਆ-ਪਛਾਣਿਆ ਨਾਂਅ ਹੈ। ਇਹ ਵੀ ਪਲਾਸਟਿਕ ਦੀਆਂ ਬੋਤਲਾਂ, ਐਲੂਮੀਨੀਅਮ ਜਾਂ ਹੋਰ ਧਾਤਾਂ ਤੋਂ ਬਣੇ ਖਾਧ ਪਦਾਰਥਾਂ ਵਾਲੇ ਟਿਨ, ਸਟੋਰੇਜ ਵਾਲੇ ਪਲਾਸਟਿਕ ਦੇ ਡੱਬੇ, ਕੰਪਿਊਟਰ ਜਾਂ ਲੈਪਟਾਪ ਦੇ ਪਲਾਸਟਿਕ ਵਾਲੇ ਪੁਰਜ਼ੇ ਜਾਂ ਬਾਹਰੀ ਭਾਗ, ਨਕਲੀ ਦੰਦ, ਐਨਕਾਂ, ਹੈਲਮਟ, ਖਿਡੌਣਿਆਂ, ਬਿਜਲਈ ਉਪਕਰਣਾਂ, ਵਾਹਨਾਂ, ਡਾਕਟਰੀ ਉਪਕਰਣਾਂ ਤੋਂ ਇਲਾਵਾ ਦੁਨੀਆ ਭਰ ਦੇ ਹੋਰ ਅਣਗਿਣਤ ਉਤਪਾਦਾਂ ਵਿੱਚ ਪਾਇਆ ਜਾਂਦਾ ਹੈ। ਹਾਲਾਂਕਿ ਬੱਚਿਆਂ ਦੀ ਵਰਤੋਂ ਵਿੱਚ ਆਉਣ ਵਾਲੇ ਕਈ ਉਤਪਾਦਾਂ ਵਿੱਚ ਬੀ.ਪੀ.ਏ. ਦੀ ਵਰਤੋਂ 'ਤੇ ਪਾਬੰਦੀ ਲਗਾਈ ਗਈ ਸੀ, ਪਰ ਰੋਜ਼ਾਨਾ ਵਰਤੋਂ ਵਿੱਚ ਆਉਣ ਵਾਲੇ ਬੀ.ਪੀ.ਏ. ਯੁਕਤ ਹੋਰ ਪਦਾਰਥਾਂ ਜਾਂ ਉਤਪਾਦਾਂ ਤੋਂ ਕਿਵੇਂ ਬਚਿਆ ਜਾ ਸਕਦਾ ਹੈ ? ਬੀ.ਪੀ.ਏ. ਦੀ ਮਾਤਰਾ ਮਾਈਕ੍ਰੋਵੇਵ ਵਿੱਚ ਭੋਜਨ ਦੁਬਾਰਾ ਗਰਮ ਕਰਨ ਨਾਲ ਵੀ ਵਧ ਜਾਂਦੀ ਹੈ।

ਐਟਰਾਜ਼ੀਨ ਵਿਆਪਕ ਤੌਰ 'ਤੇ ਵਰਤੀ ਜਾਣ ਵਾਲੀ ਨਦੀਨ-ਨਾਸ਼ਕ ਦਵਾਈ ਹੈ। ਇਸ ਦਾ ਵਧੇਰੇ ਛਿੜਕਾਅ ਮੱਕੀ, ਗੰਨੇ ਅਤੇ ਜਵਾਰ ਆਦਿ ਫਸਲਾਂ 'ਤੇ ਕੀਤਾ ਜਾਂਦਾ ਹੈ। ਇਸ ਨਦੀਨ-ਨਾਸ਼ਕ ਦੀ ਜ਼ਹਿਰ ਦੇ ਜੋਖਮਾਂ ਕਰਕੇ ਦਾਲਾਂ, ਸੋਇਆਬੀਨ, ਚਾਵਲ ਅਤੇ ਹੋਰ ਫ਼ਲਾਂ ਜਾਂ ਸਬਜ਼ੀਆਂ 'ਤੇ ਇਸ ਦਾ ਛਿੜਕਾਅ ਨਹੀਂ ਕਰਨਾ ਚਾਹੀਦਾ। ਐਟਰਾਜ਼ੀਨ ਇਸ ਲਈ ਚਰਚਾ ਵਿੱਚ ਆਈ ਹੈ, ਕਿਉਂਕਿ ਜਾਨਵਰਾਂ 'ਤੇ ਕੀਤੇ ਪ੍ਰਯੋਗਾਂ ਅਤੇ ਅਧਿਐਨਾਂ ਵਿੱਚ ਇਸ ਦਾ ਸਰੀਰ ਦੀ ਹਾਰਮੋਨ ਪ੍ਰਣਾਲੀ, ਖਾਸ ਤੌਰ 'ਤੇ ਪ੍ਰਜਣਨ ਹਾਰਮੋਨਾਂ 'ਤੇ ਪ੍ਰਭਾਵ ਵੇਖਿਆ ਗਿਆ ਹੈ। 2025 ਵਿੱਚ ਪ੍ਰਕਾਸ਼ਿਤ ਇੱਕ ਅਧਿਐਨ ਦੇ ਨਤੀਜਿਆਂ ਅਨੁਸਾਰ ਇਸ ਨਦੀਨ-ਨਾਸ਼ਕ ਦੇ ਪ੍ਰਭਾਵ ਵਜੋਂ ਟੈਸਟੋਸਟੀਰੋਨ ਅਤੇ ਪੁਰਸ਼ਾਂ ਦੀ ਜਿਨਸੀ ਸਿਹਤ ਨਾਲ ਸੰਬੰਧਤ ਲੂਟੀਨਾਈਜ਼ਿੰਗ ਹਾਰਮੋਨ ਅਤੇ ਫ਼ੌਲੀਕਲ ਸਟਿਮੂਲੇਟਿੰਗ ਹਾਰਮੋਨ ਦੇ ਪੱਧਰ ਘਟੇ, ਜਦੋਂ ਕਿ ਔਰਤਾਂ ਨਾਲ ਸੰਬੰਧਤ ਇੱਕ ਪ੍ਰਮੁੱਖ ਹਾਰਮੋਨ ਐਸਟਰਾਡੀਓਲ ਅਤੇ ਪ੍ਰੋਜੈਸਟੀਰੋਨ ਦੇ ਪੱਧਰ ਵਧੇ ਵੇਖੇ ਗਏ। ਇਸੇ ਸੰਬੰਧੀ ਇੱਕ ਹੋਰ ਅਧਿਐਨ ਮੁਤਾਬਿਕ ਇਸ ਰਸਾਇਣ ਦੇ ਸੰਪਰਕ ਨਾਲ ਕੁਝ ਜੀਵਾਂ ਦੇ ਨਰ ਪ੍ਰਜਣਨ ਅੰਗਾਂ ਦਾ ਵਿਕਾਸ ਪ੍ਰਭਾਵਿਤ ਹੋਇਆ। ਮੱਛੀਆਂ ਦੀਆਂ ਕੁਝ ਕਿਸਮਾਂ, ਜ਼ਮੀਨ ਅਤੇ ਪਾਣੀ ਵਿੱਚ ਰਹਿਣ ਵਾਲੇ (ਡੱਡੂ ਆਦਿ) ਅਤੇ ਰੀਂਘਣ ਵਾਲੇ ਜੀਵਾਂ (ਸੱਪ ਜਾਂ ਛਿਪਕਲੀ ਆਦਿ) ਵਿੱਚ ਨਰ ਪ੍ਰਜਣਨ ਅੰਗਾਂ ਵਿੱਚ ਅਧੂਰੇ ਜਾਂ ਪੂਰਣ ਰੂਪ ਵਿੱਚ ਮਾਦਾ ਅੰਗਾਂ ਵਰਗੇ ਬਦਲਾਅ ਵੀ ਵੇਖੇ ਗਏ।

ਸਿੱਕੇ ਦੀ ਵਰਤੋਂ ਪੇਂਟ, ਬੈਟਰੀਆਂ, ਐਕਸ-ਰੇ ਵਾਲੇ ਕਮਰਿਆਂ ਅਤੇ ਹੋਰ ਬਹੁਤ ਸਾਰੇ ਉਤਪਾਦਾਂ ਵਿੱਚ ਕੀਤੀ ਜਾਂਦੀ ਹੈ। ਸਿੱਕਾ ਇੱਕ ਅਜਿਹਾ ਜ਼ਹਿਰੀਲਾ ਪਦਾਰਥ ਹੁੰਦਾ ਹੈ, ਜੋ ਕਿ ਸਰੀਰ ਵਿੱਚ ਇਕੱਠਾ ਹੋ ਸਕਦਾ ਹੈ ਅਤੇ ਲੱਗਭੱਗ ਹਰੇਕ ਅੰਗ ਅਤੇ ਸਰੀਰਕ ਕਾਰਜ ਨੂੰ ਪ੍ਰਭਾਵਿਤ ਕਰ ਸਕਦਾ ਹੈ। ਸਿੱਕੇ ਦਾ ਜ਼ਹਿਰ ਹੌਲੀ-ਹੌਲੀ ਅਸਰ ਕਰਦਾ ਹੈ। ਇਸ ਦੇ ਪ੍ਰਭਾਵ ਲੰਬੇ ਸਮੇਂ ਤੱਕ ਰਹਿ ਸਕਦੇ ਹਨ ਅਤੇ ਕਈ ਵਾਰ ਇਸ ਦੇ ਲੱਛਣ ਵੀ ਛੇਤੀ ਪ੍ਰਗਟ ਨਹੀਂ ਹੁੰਦੇ। ਇਸ ਦੇ ਨੁਕਸਾਨ ਵਜੋਂ ਔਰਤਾਂ ਵਿੱਚ ਜਿਨਸੀ ਇੱਛਾ ਦਾ ਘਟਣਾ, ਬਾਂਝਪਨ, ਗਰਭਪਾਤ, ਮ੍ਰਿਤਕ ਬੱਚੇ ਦਾ ਜਨਮ ਜਾਂ ਸਮੇਂ ਤੋਂ ਪਹਿਲਾਂ ਬੱਚੇ ਦਾ ਜਨਮ ਅਤੇ ਪੁਰਸ਼ਾਂ ਵਿੱਚ ਜਣਨ ਅੰਗਾਂ ਦੀ ਕਮਜ਼ੋਰੀ, ਸ਼ੁਕਰਾਣੂਆਂ ਦੀ ਘੱਟ ਗਿਣਤੀ ਅਤੇ ਸ਼ੁਕਰਾਣੂਆਂ ਦੀ ਗੁਣਵੱਤਾ ਘਟ ਸਕਦੀ ਹੈ।

ਇਨ੍ਹਾਂ ਖੋਜਾਂ ਤੋਂ ਪਤਾ ਲੱਗਦਾ ਹੈ ਕਿ ਵਾਤਾਵਰਣ ਵਿੱਚ ਮੌਜੂਦ ਕੁਝ ਰਸਾਇਣ, ਜਿਵੇਂ ਥੈਲੇਟਸ, ਬੀ.ਪੀ.ਏ., ਸਿੱਕਾ ਅਤੇ ਹੋਰ ਸਿੰਥੈਟਿਕ ਕੈਮੀਕਲ ਸਰੀਰ ਦੀ ਹਾਰਮੋਨ ਪ੍ਰਣਾਲੀ ਵਿੱਚ ਦਖ਼ਲਅੰਦਾਜ਼ੀ ਕਰ ਸਕਦੇ ਹਨ। ਗਰਭ ਅਵਸਥਾ ਦੌਰਾਨ ਅਜਿਹੇ ਪਦਾਰਥਾਂ ਨਾਲ ਸੰਪਰਕ ਭਰੂਣ ਦੇ ਸਰੀਰਕ ਵਿਕਾਸ, ਪ੍ਰਜਣਨ ਅੰਗਾਂ, ਹਾਰਮੋਨਾਂ ਦੇ ਸੰਤੁਲਨ ਅਤੇ ਦਿਮਾਗ਼ੀ ਵਿਕਾਸ ਨੂੰ ਪ੍ਰਭਾਵਿਤ ਕਰ ਸਕਦਾ ਹੈ। ਅਜੇ ਇਹ ਕਹਿਣਾ ਵਿਗਿਆਨਕ ਤੌਰ 'ਤੇ ਸਹੀ ਨਹੀਂ ਹੋਵੇਗਾ ਕਿ ਪਲਾਸਟਿਕ, ਸਿੱਕਾ, ਤਣਾਅ ਜਾਂ ਕੋਈ ਇੱਕ ਰਸਾਇਣ ਬੱਚੇ ਨੂੰ ਟਰਾਂਸਜੈਂਡਰ ਬਣਾ ਦਿੰਦਾ ਹੈ।

ਅਕਾਦਮਿਕ ਤੌਰ 'ਤੇ ਵਧੇਰੇ ਸੰਤੁਲਤ ਵਿਚਾਰ ਇਹ ਹੈ ਕਿ ਲਿੰਗ ਪਛਾਣ ਦਾ ਵਿਕਾਸ ਜਾਂ ਟਰਾਂਸਜੈਂਡਰ ਪਛਾਣ ਇੱਕ ਅਜਿਹੀ ਜਟਿਲ ਵਿਕਾਸੀ ਪ੍ਰਕਿਰਿਆ ਹੁੰਦੀ ਹੈ, ਜਿਸ ਵਿਚ ਜੈਵਿਕ, ਅਨੁਵੰਸ਼ਿਕ, ਗਰਭ ਦੌਰਾਨ ਹਾਰਮੋਨ ਸੰਬੰਧੀ, ਹਾਰਮੋਨਾਂ ਪ੍ਰਤੀ ਸਰੀਰ ਦੀ ਸੰਵੇਦਨਸ਼ੀਲਤਾ, ਦਿਮਾਗ਼ੀ ਵਿਕਾਸ ਅਤੇ ਬਾਅਦ ਦੇ ਤਜਰਬੇ ਮਿਲ ਕੇ ਭੂਮਿਕਾ ਨਿਭਾਉਂਦੇ ਹੋ ਸਕਦੇ ਹਨ। ਇਹ ਕਾਰਕ ਲਿੰਗ ਪਛਾਣ ਨਾਲ ਸੰਬੰਧਤ ਜੈਵਿਕ ਜਾਂ ਹਾਰਮੋਨ ਸੰਬੰਧੀ ਪ੍ਰਕਿਰਿਆਵਾਂ ਨੂੰ ਤਾਂ ਪ੍ਰਭਾਵਿਤ ਕਰ ਸਕਦੇ ਹਨ, ਟਰਾਂਸਜੈਂਡਰ ਪਛਾਣ ਨਾਲ ਇਨ੍ਹਾਂ ਦਾ ਸਿੱਧਾ ਸੰਬੰਧ ਮੰਨਣਾ ਅਜੇ ਵਿਗਿਆਨਕ ਤੌਰ 'ਤੇ ਠੀਕ ਨਹੀਂ ਹੋਵੇਗਾ, ਇਸ ਸੰਬੰਧੀ ਖੋਜਾਂ ਅਜੇ ਜਾਰੀ ਹਨ।

# ਅੱਲ੍ਹੜਪੁਣੇ ਦੀਆਂ ਬੇਪਰਵਾਹੀਆਂ

ਕਮਲਜੀਤ ਥਾਬਲਕੇ



ਜ਼ਿੰਦਗੀ ਦਾ ਸਫ਼ਰ ਆਪਣੀ ਚਾਲੇ ਚਲਦੇ ਰਹਿੰਦਾ ਹੈ, ਪਿੱਛੇ ਰਹਿ ਜਾਂਦੇ ਨੇ ਕੁਝ ਚਿਹਰੇ, ਰਾਹ, ਅਣਕਹੀਆਂ ਗੱਲਾਂ, ਅਧੂਰੇ ਸੁਪਨੇ ਅਤੇ ਕੁਝ ਅਜਿਹੀਆਂ ਯਾਦਾਂ, ਜਿਨ੍ਹਾਂ ਨੂੰ ਸਮੇਂ ਦੀ ਧੂੜ ਕਦੇ ਵੀ ਧੁੰਦਲਾ ਨਹੀਂ ਕਰ ਸਕਦੀ। ਇਨ੍ਹਾਂ ਯਾਦਾਂ ਵਿੱਚੋਂ ਕੁਝ ਮਿੱਠੀਆਂ ਹੁੰਦੀਆਂ ਨੇ, ਜਿਨ੍ਹਾਂ ਨੂੰ ਯਾਦ ਕਰਕੇ ਬੁੱਲ੍ਹਾਂ ’ਤੇ ਮੁਸਕਰਾਹਟ ਆ ਜਾਂਦੀ ਹੈ ਤੇ ਕੁਝ ਕੌੜੀਆਂ ਵੀ ਹੁੰਦੀਆਂ ਨੇ, ਜਿਨ੍ਹਾਂ ਨੂੰ ਯਾਦ ਕਰਦਿਆਂ ਮਨ ਕਸੈਲਾ ਹੋ ਜਾਂਦਾ ਹੈ, ਪਰ ਸੱਚ ਤਾਂ ਇਹ ਹੈ ਕਿ ਸਾਡੀ ਜ਼ਿੰਦਗੀ ਦੀ ਅਸਲ ਪੂੰਜੀ ਇਹ ਯਾਦਾਂ ਹੀ ਹੁੰਦੀਆਂ। ਇਹ ਸਾਡੇ ਬੀਤੇ ਸਮੇਂ ਦੀਆਂ ਉਹ ਨਿਸ਼ਾਨੀਆਂ ਹਨ, ਜਿਨ੍ਹਾਂ ਨੂੰ ਨਾ ਕੋਈ ਸਾਡੇ ਕੋਲੋਂ ਖੋਹ ਸਕਦਾ ਹੈ ਤੇ ਨਾ ਹੀ ਸਮਾਂ ਮਿਟਾ ਸਕਦਾ ਹੈ।

ਜ਼ਿੰਦਗੀ ਦਾ ਹਰ ਪੜਾਅ ਆਪਣੀਆਂ ਖ਼ੂਬਸੂਰਤ ਯਾਦਾਂ ਆਪਣੀ ਬੁੱਕਲ ’ਚ ਲੈ ਕੇ ਬੈਠਾ ਹੁੰਦਾ, ਪਰ ਅੱਲ੍ਹੜਪੁਣੇ ਦੀ ਗੱਲ ਹੀ ਕੁਝ ਹੋਰ ਹੁੰਦੀ ਹੈ। ਇਹ ਉਹ ਉਮਰ ਹੁੰਦੀ ਹੈ, ਜਦੋਂ ਦਿਲ ’ਚ ਸੁਪਨੇ ਬੇਸ਼ੁਮਾਰ ਹੁੰਦੇ ਹਨ, ਪੈਰਾਂ ਵਿੱਚ ਠਹਿਰਾਅ ਨਹੀਂ ਹੁੰਦਾ ਅਤੇ ਮਨ ਵਿੱਚ ਕਿਸੇ ਅਣਜਾਣ ਮੰਜ਼ਲ ਵੱਲ ਤੁਰ ਪੈਣ ਦੀ ਬੇਚੈਨੀ ਹੁੰਦੀ ਹੈ। ਉਸ ਉਮਰ ਵਿੱਚ ਨਾ ਰਾਹਾਂ ਦੀਆਂ ਮੁਸ਼ਕਲਾਂ ਦਾ ਅਹਿਸਾਸ ਹੁੰਦਾ ਹੈ, ਨਾ ਖ਼ਤਰਿਆਂ ਦੀ ਸਮਝ ਅਤੇ ਨਾ ਹੀ ਆਉਣ ਵਾਲੇ ਕੱਲ੍ਹ ਦੀ ਕੋਈ ਬਹੁਤੀ ਚਿੰਤਾ। ਜੋ ਮਨ ਵਿੱਚ ਆਇਆ, ਉਹ ਕਰਨ ਨੂੰ ਦਿਲ ਕਰਦਾ ਹੈ। ਜਿੱਥੇ ਜਾਣ ਦਾ ਫੁਰਨਾ ਫੁਰਦਾ, ਉੱਥੇ ਜਾਣ ਲਈ ਪੈਰ ਆਪਣੇ ਆਪ ਤੁਰ ਪੈਂਦੇ। ਉਸ ਸਮੇਂ ਕਈ ਵਾਰ ਅਸੀਂ ਅਜਿਹੇ ਫ਼ੈਸਲੇ ਕਰ ਲੈਂਦੇ ਹਾਂ, ਜਿਨ੍ਹਾਂ ਬਾਰੇ ਬਾਅਦ ਵਿੱਚ ਸੋਚ ਕੇ ਹਾਸਾ ਵੀ ਆਉਂਦਾ ਹੈ ਤੇ ਆਪਣੇ ਆਪ ’ਤੇ ਹੈਰਾਨੀ ਵੀ ਹੁੰਦੀ ਕਿ ਆਖ਼ਰ ਅਸੀਂ ਇਹ ਸਭ ਕੁਝ ਕਰ ਕਿਵੇਂ ਲਿਆ।

ਅੱਜ ਜਦੋਂ ਮੈਂ ਆਪਣੀ ਜ਼ਿੰਦਗੀ ਦੇ ਬੀਤੇ ਉਨ੍ਹਾ ਦਿਨਾਂ ਨੂੰ ਯਾਦ ਕਰਦਾ ਹਾਂ ਤਾਂ ਮਨ ਵਿੱਚ ਇੱਕ ਅਜੀਬ ਜਿਹਾ ਅਹਿਸਾਸ ਪੈਦਾ ਹੁੰਦਾ ਹੈ। ਚਿਹਰੇ ’ਤੇ ਮੁਸਕਰਾਹਟ ਵੀ ਆਉਂਦੀ ਹੈ, ਪਰ ਨਾਲ ਹੀ ਦਿਲ ਦੇ ਕਿਸੇ ਕੋਨੇ ਵਿੱਚ ਇੱਕ ਹਲਕਾ ਜਿਹਾ ਡਰ ਵੀ ਉੱਭਰ ਆਉਂਦਾ ਹੈ। ਸੋਚਦਾ ਹਾਂ ਕਿ ਉਸ ਵੇਲੇ ਕਿੰਨਾ ਬੇਪਰਵਾਹ ਹੁੰਦਾ ਸੀ। ਕਈ ਵਾਰ ਤਾਂ ਆਪਣੀ ਸੁਰੱਖਿਆ ਅਤੇ ਸਹੂਲਤਾਂ ਬਾਰੇ ਸੋਚਣ ਦੀ ਥਾਂ ਸਿਰਫ਼ ਮਨ ਦੀ ਖ਼ੁਸ਼ੀ ਨੂੰ ਹੀ ਸਭ ਕੁਝ ਸਮਝ ਲੈਂਦਾ। ਅੱਜ ਉਹੀ ਘਟਨਾਵਾਂ ਯਾਦ ਕਰਕੇ ਲੱਗਦਾ ਹੈ ਕਿ ਅੱਲ੍ਹੜਪੁਣਾ ਸੱਚਮੁੱਚ ਇੱਕ ਅਜਿਹੀ ਉਮਰ ਹੈ, ਜਿੱਥੇ ਇਨਸਾਨ ਨੂੰ ਖ਼ਤਰਿਆਂ ਨਾਲੋਂ ਆਪਣੀਆਂ ਖ਼ਾਹਿਸ਼ਾਂ ਵਧੇਰੇ ਵੱਡੀਆਂ ਦਿਖਾਈ ਦਿੰਦੀਆਂ ਹਨ।

ਮੈਨੂੰ ਯਾਦ ਹੈ, ਜਦੋਂ ਮੇਰੇ ਸਿਰ ’ਤੇ ਇਸ ਤਰ੍ਹਾਂ ਦਾ ਭੂਤ ਸਵਾਰ ਸੀ। ਕਈ ਵਾਰ ਲਗਾਤਾਰ ਕੰਮ ਕਰਦਿਆਂ ਮਨ ਉਚਾਟ ਹੋ ਜਾਂਦਾ ਤਾਂ ਸੋਚਦਾ ਕਿਤੇ ਪਹਾੜੀ ਸਥਾਨ ’ਤੇ ਗੇੜੀ ਮਾਰ ਆਵਾਂ। ਜਲੰਧਰ ਤੋਂ ਮੁਬਾਰਕਪੁਰ ਲਈ ਅਖ਼ਬਾਰਾਂ ਦੀ ਇੱਕ ਗੱਡੀ ਰੋਜ਼ਾਨਾ ਦੇਰ ਰਾਤ ਚੱਲਦੀ, ਜੋ ਦਫ਼ਤਰ ਦੇ ਨੇੜਿਓਂ ਹੀ ਅਖ਼ਬਾਰਾਂ ਦੇ ਬੰਡਲ ਲੈ ਕੇ ਰਾਤ ਦੇ ਤਕਰੀਬਨ ਬਾਰਾਂ ਵਜੇ ਤੋਂ ਬਾਅਦ ਆਪਣੀ ਮੰਜ਼ਲ ਵੱਲ ਰਵਾਨਾ ਹੁੰਦੀ। ਬੱਸ ਫਿਰ ਕੀ ਸੀ, ਮੈਂ ਵੀ ਕਈ ਵਾਰ ਉਸ ਗੱਡੀ ਵਿੱਚ ਸਵਾਰ ਹੋ ਜਾਂਦਾ ਸੀ, ਪਰ ਉਸ ’ਚ ਸਫ਼ਰ ਕਰਨਾ ਵੀ ਅਜੀਬ ਸੀ। ਗੱਡੀ ਵਿੱਚ ਕੋਈ ਆਰਾਮਦਾਇਕ ਸੀਟ ਨਹੀਂ ਹੁੰਦੀ, ਮੈਂ ਅਖ਼ਬਾਰਾਂ ਦੇ ਬੰਡਲਾਂ ਉੱਪਰ ਹੀ ਲੰਮਾ ਪੈ ਜਾਂਦਾ ਸਾਂ।

ਇਹ ਅਖ਼ਬਾਰਾਂ ਵਾਲੀਆਂ ਗੱਡੀਆਂ ਰਾਤ ਦੇ ਹਨੇਰੇ ਵਿੱਚ ਸੜਕਾਂ ’ਤੇ ਹਵਾ ਨਾਲ ਗੱਲਾਂ ਕਰਦੀਆਂ ਆਪਣੀ ਮੰਜ਼ਲ ਵੱਲ ਵਧਦੀਆਂ ਜਾਂਦੀਆਂ। ਮੈਂ ਪਿੱਛੇ ਅਖ਼ਬਾਰਾਂ ਦੇ ਬੰਡਲਾਂ ਉੱਪਰ ਲੰਮਾ ਪਿਆ ਹੁੰਦਾ। ਕਦੇ ਗੱਡੀ ਦੇ ਝਟਕੇ ਨਾਲ ਇੱਕ ਪਾਸੇ ਨੂੰ ਖਿਸਕ ਜਾਂਦਾ ਤੇ ਕਦੇ ਦੂਜੇ ਪਾਸੇ। ਕਈ ਵਾਰ ਵੱਖੀਆਂ ਵਿੱਚ ਦਰਦ ਹੋਣ ਲੱਗ ਪੈਂਦਾ, ਸਰੀਰ ਵੀ ਆਕੜ ਜਾਂਦਾ, ਪਰ ਫਿਰ ਵੀ ਮਨ ਵਿੱਚ ਇੱਕ ਅਜੀਬ ਜਿਹੀ ਖ਼ੁਸ਼ੀ ਹੁੰਦੀ ਸੀ। ਸ਼ਾਇਦ ਮੰਜ਼ਲ ’ਤੇ ਪਹੁੰਚਣ ਦੀ ਖ਼ੁਸ਼ੀ ਜਾਂ ਫਿਰ ਆਪਣੀ ਮਰਜ਼ੀ ਨਾਲ ਕਿਤੇ ਦੂਰ ਨਿਕਲ ਜਾਣ ਦਾ ਚਾਅ। ਉਸ ਵੇਲੇ ਇਨ੍ਹਾਂ ਔਕੜਾਂ ਦੀ ਕੋਈ ਖ਼ਾਸ ਪਰਵਾਹ ਵੀ ਨਹੀਂ ਸੀ ਹੁੰਦੀ। ਬਸ ਮਨ ਵਿੱਚ ਇੱਕੋ ਗੱਲ ਹੁੰਦੀ ਕਿ ਮੈਕਲੋਡਗੰਜ ਪਹੁੰਚਣਾ ਹੈ। ਮੁਬਾਰਕਪੁਰ ਦੇਰ ਰਾਤ ਪਹੁੰਚ ਕੇ ਇੱਥੋਂ ਫਿਰ ਦੂਜੀ ਗੱਡੀ ਵਿੱਚ ਸਾਰਾ ਸਮਾਨ ਲੱਧਿਆ ਜਾਂਦਾ ਤੇ ਉਹ ਆਪਣੀ ਮੰਜ਼ਲ ਧਰਮਸ਼ਾਲਾ ਵੱਲ ਤੁਰੀ ਪੈਂਦੀ।

ਮੈਕਲੋਡਗੰਜ ਮੇਰੇ ਲਈ ਸਿਰਫ਼ ਇੱਕ ਸੈਰ-ਸਪਾਟੇ ਵਾਲੀ ਥਾਂ ਨਹੀਂ ਸੀ, ਸਗੋਂ ਇੱਕ ਅਜੀਬ ਜਿਹਾ ਖਿੱਚ ਦਾ ਕੇਂਦਰ ਬਣ ਗਈ ਸੀ। ਰਾਤ ਨੂੰ ਉੱਥੇ ਪਹੁੰਚਣਾ, ਸਵੇਰੇ ਉੱਠ ਕੇ ਘੁੰਮਣਾ-ਫਿਰਨਾ, ਪਹਾੜਾਂ ਦੀਆਂ ਵਾਦੀਆਂ ਨੂੰ ਦੇਖਣਾ, ਬੋਧ ਮੰਦਰ ’ਚ ਜਾ ਕੇ ਕਿੰਨਾ ਕਿੰਨਾ ਸ਼ਾਂਤ ਬੈਠੇ ਰਹਿਣਾ, ਠੰਢੀ ਹਵਾ ਨੂੰ ਮਹਿਸੂਸ ਕਰਨਾ ਅਤੇ ਫਿਰ ਅਗਲੀ ਰਾਤ ਵਾਪਸ ਜਲੰਧਰ ਆ ਜਾਣਾ ਇਹ ਸਭ ਕੁਝ ਮੈਨੂੰ ਬਹੁਤ ਚੰਗਾ ਲੱਗਦਾ ਸੀ। ਅੱਜ ਵੀ ਕਈ ਵਾਰ ਸੋਚਦਾਂ ਕਿ ਉੱਥੇ ਅਜਿਹਾ ਕੀ ਸੀ, ਜੋ ਮੈਨੂੰ ਵਾਰ-ਵਾਰ ਆਪਣੇ ਵੱਲ ਖਿੱਚਦਾ ਸੀ? ਸ਼ਾਇਦ ਪਹਾੜਾਂ ਦੀ ਖ਼ਾਮੋਸ਼ੀ ਜਾਂ ਫਿਰ ਉੱਥੋਂ ਦੀਆਂ ਵਾਦੀਆਂ ਦਾ ਜਾਦੂ ਜਾਂ ਸ਼ਾਇਦ ਆਪਣੀ ਰੋਜ਼ਮਰ੍ਹਾ ਦੀ ਜ਼ਿੰਦਗੀ ਤੋਂ ਕੁਝ ਸਮੇਂ ਲਈ ਦੂਰ ਨਿਕਲ ਜਾਣ ਦੀ ਖ਼ਾਹਿਸ਼। ਇਸ ਸਵਾਲ ਦਾ ਜਵਾਬ ਅੱਜ ਵੀ ਮੇਰੇ ਕੋਲ ਨਹੀਂ, ਪਰ ਇਹ ਜ਼ਰੂਰ ਇਲਮ ਹੈ ਕਿ ਉਹ ਸਫ਼ਰ ਮੇਰੀਆਂ ਯਾਦਾਂ ਦਾ ਅਹਿਮ ਹਿੱਸਾ ਹਨ।

ਇਸੇ ਤਰ੍ਹਾਂ ਮੈਂ ਆਪਣੇ ਦੋਸਤ (ਗੁਰਚੇਤਨ) ਨਾਲ ਪਤਾ ਨਹੀਂ ਕਿੰਨੀ ਵਾਰ ਐਕਟਿਵਾ ’ਤੇ ਧਰਮਸ਼ਾਲਾ ਲਈ ਰਾਤ ਨੂੰ ਹੀ ਨਿਕਲ ਪੈਂਦਾ ਸੀ। ਨਾ ਕੋਈ ਖ਼ਾਸ ਤਿਆਰੀ, ਨਾ ਪੈਸਿਆਂ ਦਾ ਕੋਈ ਪ੍ਰਬੰਧ ਅਤੇ ਨਾ ਹੀ ਰਾਹ ਵਿੱਚ ਆ ਸਕਣ ਵਾਲੀਆਂ ਮੁਸ਼ਕਲਾਂ ਦੀ ਕੋਈ ਚਿੰਤਾ। ਅਸੀਂ ਕਦੇ ਇਹ ਨਹੀਂ ਸੋਚਿਆ ਕਿ ਜੇ ਰਸਤੇ ਵਿੱਚ ਐਕਟਿਵਾ ਖ਼ਰਾਬ ਹੋ ਗਈ ਤਾਂ ਕੀ ਹੋਵੇਗਾ, ਜੇ ਰਾਤ ਦੇ ਹਨੇਰੇ ਵਿੱਚ ਕੋਈ ਹਾਦਸਾ ਵਾਪਰ ਗਿਆ ਤਾਂ ਕਿਵੇਂ ਸੰਭਾਲਾਂਗੇ ਜਾਂ ਜੇ ਪਹਾੜੀ ਰਸਤੇ ਵਿੱਚ ਕੋਈ ਹੋਰ ਮੁਸ਼ਕਲ ਆ ਗਈ ਤਾਂ ਉਸ ਦਾ ਸਾਹਮਣਾ ਕਿਵੇਂ ਕਰਾਂਗੇ। ਬਸ ਦਿਲ ਵਿੱਚ ਧਰਮਸ਼ਾਲਾ ਜਾਣ ਦਾ ਚਾਅ ਹੁੰਦਾ ਸੀ ਅਤੇ ਅਸੀਂ ਉਸੇ ਚਾਅ ਦੇ ਸਹਾਰੇ ਨਿਕਲ ਪੈਂਦੇ ਸਾਂ।

ਇਸ ਸਫ਼ਰ ਦਾ ਇੱਕ ਕਿੱਸਾ ਅੱਜ ਵੀ ਮੇਰੇ ਜ਼ਿਹਨ ’ਚ ਵਸਿਆ ਹੋਇਆ ਹੈ। ਇੱਕ ਰਾਤ ਅਸੀਂ ਜਲੰਧਰ ਤੋਂ ਤਕਰੀਬਨ ਦਸ ਕੁ ਵਜੇ ਐਕਟਿਵਾ ’ਤੇ ਧਰਮਸ਼ਾਲਾ ਲਈ ਰਵਾਨਾ ਹੋਏ। ਸਾਡੇ ਕੋਲ ਪੈਸੇ ਵੀ ਬਹੁਤੇ ਨਹੀਂ ਸਨ। ਜਿੰਨੇ ਕੁ ਪੈਸੇ ਸਨ, ਉਨ੍ਹਾਂ ਵਿੱਚੋਂ ਕੁਝ ਪੈਸਿਆਂ ਨਾਲ ਐਕਟਿਵਾ ਵਿੱਚ ਪੈਟਰੋਲ ਪਵਾਉਣ ’ਤੇ ਖ਼ਰਚ ਹੋ ਗਏ ਅਤੇ ਬਾਕੀ ਦੇ ਬਚੇ ਸੌ ਰੁਪਏ ਮੈਂ ਆਪਣੀ ਜੇਬ ਵਿੱਚ ਰੱਖ ਲਏ। ਅੱਜ ਸੋਚ ਕੇ ਹੈਰਾਨੀ ਹੁੰਦੀ ਹੈ ਕਿ ਅਸੀਂ ਸੌ ਰੁਪਏ ਲੈ ਕੇ ਏਨਾ ਲੰਮਾ ਸਫ਼ਰ ਤੈਅ ਕਰਨ ਲਈ ਕਿਵੇਂ ਤਿਆਰ ਹੋ ਗਏ ਸੀ, ਪਰ ਉਸ ਵੇਲੇ ਸਾਡੇ ਲਈ ਇਹ ਕੋਈ ਵੱਡੀ ਗੱਲ ਨਹੀਂ ਸੀ। ਸਾਨੂੰ ਤਾਂ ਬਸ ਆਪਣੀ ਮੰਜ਼ਲ ’ਤੇ ਪਹੁੰਚਣ ਦੀ ਕਾਹਲ ਸੀ।

ਰਾਤ ਦੇ ਹਨੇਰੇ ਵਿੱਚ ਐਕਟਿਵਾ ਖ਼ਾਲੀ ਸੜਕਾਂ ’ਤੇ ਦੌੜੀ ਜਾ ਰਹੀ ਸੀ। ਸੜਕ ਦੇ ਦੋਵੇਂ ਪਾਸੇ ਪਸਰੇ ਹਨੇਰੇ ਵਿੱਚ ਕਦੇ-ਕਦੇ ਕਿਸੇ ਵਾਹਨ ਦੀ ਰੌਸ਼ਨੀ ਦਿਖਾਈ ਦਿੰਦੀ ਅਤੇ ਫਿਰ ਕੁਝ ਪਲਾਂ ਬਾਅਦ ਸਭ ਕੁਝ ਮੁੜ ਖ਼ਾਮੋਸ਼ ਹੋ ਜਾਂਦਾ। ਅਸੀਂ ਆਪਣੀ ਮੰਜ਼ਲ ਵੱਲ ਵਧ ਰਹੇ ਸਾਂ। ਨਾ ਸਾਨੂੰ ਨੀਂਦ ਦੀ ਪਰਵਾਹ ਸੀ, ਨਾ ਥਕਾਵਟ ਦੀ ਅਤੇ ਨਾ ਹੀ ਇਹ ਅਹਿਸਾਸ ਸੀ ਕਿ ਅਸੀਂ ਕਿੰਨੀ ਦੂਰ ਆ ਚੁੱਕੇ ਹਾਂ।

ਜਦੋਂ ਅਸੀਂ ਧਰਮਸ਼ਾਲਾ ’ਚ ਐਂਟਰ ਹੋਏ ਤਾਂ ਉੱਥੇ ਪੁਲਸ ਦਾ ਨਾਕਾ ਲੱਗਿਆ ਹੋਇਆ ਸੀ। ਨਾਕਾ ਦੇਖਦਿਆਂ ਹੀ ਸਾਡੇ ਸਾਹ ਸੁੱਕ ਗਏ। ਨਾ ਮੇਰੇ ਸਿਰ ’ਤੇ ਹੈਲਮਟ ਸੀ ਅਤੇ ਨਾ ਹੀ ਗੁਰਚੇਤਨ ਕੋਲ, ਪਰ ਐਕਟਿਵਾ ਦੇ ਸਾਰੇ ਕਾਗਜ਼ਾਤ ਪੂਰੇ ਸਨ, ਹੁਣ ਸਾਨੂੰ ਸਮਝ ਨਹੀਂ ਸੀ ਆ ਰਹੀ ਕਿ ਪੁਲਸ ਦੇ ਸਵਾਲਾਂ ਦਾ ਸਾਹਮਣਾ ਕਿਵੇਂ ਕਰਾਂਗੇ। ਜਦੋਂ ਪੁਲਸ ਨੇ ਸਾਨੂੰ ਰੋਕਿਆ ਤਾਂ ਇੰਸਪੈਕਟਰ ਨੇ ਸਵਾਲਾਂ ਦੀ ਝੜੀ ਲਾ ਦਿੱਤੀ।

ਉਹ ਬਈ, ‘ਐਨੀ ਰਾਤ ਨੂੰ ਤੁਸੀਂ ਐਕਟਿਵਾ ’ਤੇ ਕਿੱਥੇ ਤੁਰੇ ਫਿਰਦੇ ਹੋ? ਤੁਹਾਨੂੰ ਪਤਾ ਨਹੀਂ ਕਿ ਰਾਤ ਨੂੰ ਰਸਤੇ ਵਿੱਚ ਕੋਈ ਜਾਨਵਰ ਅੱਗੇ ਆ ਜਾਵੇ ਤਾਂ ਫਿਰ ਕੀ ਕਰੋਗੇ? ਕੋਈ ਹਾਦਸਾ ਹੋ ਗਿਆ ਤਾਂ ਕੌਣ ਜ਼ਿੰਮੇਵਾਰ ਹੋਵੇਗਾ?’

ਅਸੀਂ ਪਹਿਲਾਂ ਹੀ ਘਬਰਾਏ ਹੋਏ ਸੀ। ਮੈਂ ਹੌਲੀ ਜਿਹੀ ਆਵਾਜ਼ ਵਿੱਚ ਜਵਾਬ ਦਿੱਤਾ, ‘ਜਨਾਬ, ਅਸੀਂ ਤਾਂ ਬਸ ਧਰਮਸ਼ਾਲਾ ਤੋਂ ਅੱਗੇ ਮੈਕਲੋਡਗੰਜ ਜਾਣਾ ਹੈ ਤੇ ਫਿਰ ਤਰੀਊਂਡ ਜਾ ਕੇ ਵਾਪਸ ਆ ਜਾਣਾ ਹੈ।’

ਮੇਰਾ ਜਵਾਬ ਸੁਣ ਕੇ ਇੰਸਪੈਕਟਰ ਨੇ ਸਾਨੂੰ ਹੈਰਾਨੀ ਨਾਲ ਦੇਖਿਆ। ਉਸ ਨੇ ਅਗਲਾ ਸਵਾਲ ਕੀਤਾ, ‘ਅੱਛਾ, ਤੁਹਾਡੇ ਕੋਲ ਪੈਸੇ ਕਿੰਨੇ ਹਨ?’

ਅਸੀਂ ਬਿਨਾਂ ਕੁਝ ਲੁਕਾਏ ਦੱਸ ਦਿੱਤਾ, ‘ਜਨਾਬ, ਸਿਰਫ਼ ਸੌ ਰੁਪਏ ਹਨ।’

ਇਹ ਸੁਣ ਕੇ ਇੰਸਪੈਕਟਰ ਨੇ ਸਾਡੇ ਵੱਲ ਦੇਖਿਆ ਤੇ ਕਹਿਣ ਲੱਗਾ, ‘ਤੁਸੀਂ ਪਾਗਲ ਹੋ ਗਏ ਹੋ? ਸੌ ਰੁਪਏ ਜੇਬ ਵਿੱਚ ਪਾ ਕੇ ਐਨੀ ਦੂਰ ਤੁਰੇ ਫਿਰਦੇ ਹੋ! ਰਸਤੇ ਵਿੱਚ ਕੀ ਖਾਓਗੇ, ਕੀ ਪੀਓਗੇ? ਜੇ ਕੋਈ ਮੁਸ਼ਕਲ ਆ ਗਈ ਤਾਂ ਕੀ ਕਰੋਗੇ?’

ਉਸ ਦੀਆਂ ਗੱਲਾਂ ਵਿੱਚ ਗੁੱਸਾ ਵੀ ਸੀ, ਪਰ ਉਸ ਗੁੱਸੇ ਦੇ ਪਿੱਛੇ ਸਾਡੇ ਲਈ ਚਿੰਤਾ ਵੀ ਸਾਫ਼ ਦਿਖਾਈ ਦੇ ਰਹੀ ਸੀ। ਸਾਡੇ ਕੋਲ ਉਸ ਦੇ ਸਵਾਲਾਂ ਦਾ ਕੋਈ ਜਵਾਬ ਨਹੀਂ ਸੀ। ਅਸੀਂ ਤਾਂ ਬਸ ਇਹੀ ਕਿਹਾ ਕਿ ਅਸੀ ਇਸ ’ਚ ਸਾਰ ਲੈਣਾ, ਅਸੀਂ ਬਸ ਘੁੰਮ ਕੇ ਵਾਪਸ ਆ ਜਾਵਾਂਗੇ।

ਉਸ ਸਮੇਂ ਪੁਲਸ ਵਾਲੇ ਆਪਣੇ ਗੱਡੀ ਦੇ ਬੋਨਟ ’ਤੇ ਰੱਖੇ ਸੰਤਾਰੇ ਖਾ ਰਹੇ ਸਨ। ਸ਼ਾਇਦ ਉਸ ਨੂੰ ਸਾਡੀ ਮਾਸੂਮੀਅਤ ’ਤੇ ਤਰਸ ਆ ਗਿਆ ਜਾਂ ਫਿਰ ਸਾਡੇ ਅੱਲ੍ਹੜਪੁਣੇ ਦੀ ਬੇਸਮਝੀ ਦੇਖ ਕੇ ਉਸ ਨੂੰ ਆਪਣੇ ਬੀਤੇ ਦਿਨ ਯਾਦ ਆ ਗਏ ਹੋਣਗੇ। ਉਸ ਨੇ ਕੁਝ ਸੰਤਰੇ ਸਾਨੂੰ ਦੇ ਦਿੱਤੇ ਅਤੇ ਕਿਹਾ, ‘ਲਓ, ਰਸਤੇ ਵਿੱਚ ਖਾ ਲਿਓ।’

ਉਹ ਸੰਤਰੇ ਸਾਡੇ ਲਈ ਸਿਰਫ਼ ਫਲ ਨਹੀਂ ਸਨ, ਸਗੋਂ ਇੱਕ ਅਜਨਬੀ ਦੀ ਮਿਹਰਬਾਨੀ ਦਾ ਤੋਹਫ਼ਾ ਸਨ। ਅੱਜ ਵੀ ਜਦੋਂ ਇਹ ਘਟਨਾ ਯਾਦ ਆਉਂਦੀ ਹੈ ਤਾਂ ਉਸ ਪੁਲਸ ਇੰਸਪੈਕਟਰ ਦਾ ਚਿਹਰਾ ਮਨ ਵਿੱਚ ਉੱਭਰ ਆਉਂਦਾ ਹੈ। ਅਸੀਂ ਤਾਂ ਆਪਣੀ ਮਸਤੀ ਵਿੱਚ ਏਨੇ ਗੁਆਚੇ ਹੋਏ ਸੀ ਕਿ ਸਾਨੂੰ ਖ਼ਤਰਿਆਂ ਦਾ ਅਹਿਸਾਸ ਵੀ ਨਹੀਂ ਸੀ। ਇੱਕ ਅਜਨਬੀ ਇਨਸਾਨ ਨੇ ਕੁਝ ਪਲਾਂ ਵਿੱਚ ਹੀ ਸਾਨੂੰ ਸਮਝਾ ਦਿੱਤਾ ਕਿ ਜ਼ਿੰਦਗੀ ਸਿਰਫ਼ ਆਪਣੀ ਮਰਜ਼ੀ ਨਾਲ ਕਿਤੇ ਨਿਕਲ ਪੈਣ ਦਾ ਨਾਂਅ ਨਹੀਂ, ਸਗੋਂ ਆਪਣੇ ਆਪ ਦੀ ਸੁਰੱਖਿਆ ਅਤੇ ਜ਼ਿੰਮੇਵਾਰੀ ਨੂੰ ਸਮਝਣ ਦਾ ਨਾਂਅ ਵੀ ਹੈ।

ਅੱਲ੍ਹੜਪੁਣੇ ਦੀ ਆਪਣੀ ਹੀ ਜ਼ਿੱਦ ਹੁੰਦੀ ਹੈ। ਇਨ੍ਹਾਂ ਘਟਨਾਵਾਂ ਤੋਂ ਸਿੱਖਿਆ ਮਿਲ ਵੀ ਜਾਵੇ, ਮਨ ਕਿੱਥੇ ਮੰਨਦਾ। ਕੁਝ ਦਿਨਾਂ ਬਾਅਦ ਅਸੀਂ ਫਿਰ ਉਸੇ ਰਾਹ ਵੱਲ ਤੁਰ ਪਏ। ਇਸ ਵਾਰ ਮੌਸਮ ਨੇ ਸਾਡਾ ਇਮਤਿਹਾਨ ਲੈਣਾ ਸੀ। ਉਹ ਬਰਸਾਤ ਦੇ ਦਿਨ ਸਨ। ਅਸਮਾਨ ਵਿੱਚ ਬੱਦਲ ਛਾਏ ਹੋਏ ਸਨ ਅਤੇ ਬਾਹਰ ਜ਼ੋਰਦਾਰ ਮੀਂਹ ਪੈ ਰਿਹਾ ਸੀ। ਮੈਂ ਆਪਣੇ ਕੰਮਾਂ ਵਿੱਚ ਰੁੱਝਿਆ ਹੋਇਆ ਸੀ ਕਿ ਅਚਾਨਕ ਮੇਰੇ ਮੋਬਾਇਲ ’ਤੇ ਟੂੰ-ਟੂੰ ਦੀ ਆਵਾਜ਼ ਆਈ। ਫ਼ੋਨ ਦੇਖਿਆ ਤਾਂ ਗੁਰਚੇਤਨ ਸੀ। ਫ਼ੋਨ ਚੁੱਕਦਿਆਂ ਹੀ ਉਸ ਨੇ ਪੁੱਛਿਆ, ‘ਚੱਲੀਏ?’

ਮੈਂ ਹੱਸਦੇ ਹੋਏ ਨੇ ਪੁੱਛਿਆ, ‘ਕਿੱਥੇ?’

ਉਸ ਨੇ ਜਵਾਬ ਦਿੱਤਾ, ‘ਉੱਥੇ ਹੀ, ਧਰਮਸ਼ਾਲਾ।’

ਮੈਂ ਬਾਹਰ ਪੈਂਦੇ ਮੀਂਹ ਵੱਲ ਦੇਖਿਆ ਅਤੇ ਉਸ ਨੂੰ ਕਿਹਾ, ‘ਬਾਹਰ ਦਾ ਨਜ਼ਾਰਾ ਦੇਖਿਆ?’

ਉਸ ਦਾ ਜਵਾਬ ਸੀ, ‘ਕੋਈ ਨ੍ਹੀਂ, ਚੱਲਦੇ ਹਾਂ।’

ਬਸ, ਫਿਰ ਕੀ ਸੀ! ਥੋੜ੍ਹੀ ਦੇਰ ਬਾਅਦ ਉਹ ਮੀਂਹ ਵਿੱਚ ਭਿੱਜਦਾ ਮੇਰੇ ਕੋਲ ਐਕਟਿਵਾ ’ਤੇ ਪਹੁੰਚ ਗਿਆ। ਅਸੀਂ ਬਿਨਾਂ ਕੁਝ ਹੋਰ ਸੋਚੇ-ਸਮਝੇ ਉਸੇ ਰਸਤੇ ’ਤੇ ਤੁਰ ਪਏ, ਜਿਸ ਰਸਤੇ ’ਤੇ ਕਦੇ ਰਾਤ ਦੇ ਹਨੇਰੇ ਵਿੱਚ ਹਵਾ ਦੀ ਸਾਂ-ਸਾਂ ਸੁਣਦੇ ਹੋਏ ਸਫ਼ਰ ਕਰਦੇ ਸੀ, ਪਰ ਇਸ ਵਾਰ ਰਾਹਾਂ ਦਾ ਰੰਗ ਬਦਲਿਆ ਹੋਇਆ ਸੀ। ਜਿੱਥੇ ਪਹਿਲਾਂ ਹਨੇਰੇ ਵਿੱਚ ਹਵਾ ਸਾਡੇ ਕੰਨਾਂ ਕੋਲੋਂ ਲੰਘਦੀ ਸੀ, ਉੱਥੇ ਹੁਣ ਮੀਂਹ ਦੀਆਂ ਕਣੀਆਂ ਸਾਡੇ ਸਰੀਰ ’ਤੇ ਵਰ੍ਹ ਰਹੀਆਂ ਸਨ। ਸੜਕਾਂ ਦਾ ਰੰਗ ਮੀਂਹ ਪੈਣ ਨਾਲ ਕਾਲਾ ਹੋ ਗਿਆ ਤੇ ਉਨ੍ਹਾਂ ’ਤੇ ਚਿੱਟੇ ਰੰਗ ਦੀਆਂ ਪੱਟੀਆਂ ਇੰਝ ਲੱਗ ਰਹੀਆਂ ਸਨ, ਜਿਵੇਂ ਕਾਲੇ ਨਾਗ ’ਤੇ ਚਿੱਟੀਆਂ ਧਾਰੀਆਂ ਹੋਣ। ਅਸਮਾਨ ਜਿਵੇਂ ਖੁੱਲ੍ਹ ਕੇ ਵਰ੍ਹਨ ਦਾ ਫ਼ੈਸਲਾ ਕਰ ਚੁੱਕਾ ਸੀ।

ਇਹ ਅਗਸਤ ਮਹੀਨੇ ਦੇ ਦਿਨ ਸੀ। ਇਨ੍ਹਾਂ ਦਿਨਾਂ ਵਿੱਚ ਧਰਮਸ਼ਾਲਾ ਅਤੇ ਆਲੇ-ਦੁਆਲੇ ਦੇ ਪਹਾੜੀ ਇਲਾਕਿਆਂ ਵਿੱਚ ਅਕਸਰ ਬਹੁਤ ਮੀਂਹ ਪੈਂਦਾ, ਪਰ ਸਾਨੂੰ ਮੌਸਮ ਦੀ ਇਸ ਸਖ਼ਤੀ ਦਾ ਕੋਈ ਅੰਦਾਜ਼ਾ ਨਹੀਂ ਸੀ। ਅਸੀਂ ਦੋਵੇਂ ਮੀਂਹ ਵਿੱਚ ਪੂਰੀ ਤਰ੍ਹਾਂ ਭਿੱਜ ਚੁੱਕੇ ਸੀ। ਕੱਪੜੇ ਸਰੀਰ ਨਾਲ ਚਿਪਕ ਗਏ ਸਨ, ਹੱਥ-ਪੈਰ ਠੰਢ ਨਾਲ ਸੁੰਨ ਹੋਣ ਲੱਗ ਪਏ ਸਨ ਅਤੇ ਐਕਟਿਵਾ ਚਲਾਉਂਦਿਆਂ ਹਰ ਪਲ ਇਹ ਅਹਿਸਾਸ ਹੋ ਰਿਹਾ ਸੀ ਕਿ ਸਾਡੀ ਇਹ ਜ਼ਿੱਦ ਕਿੰਨੀ ਭਾਰੀ ਪੈ ਸਕਦੀ ਹੈ, ਪਰ ਫਿਰ ਵੀ ਅਸੀਂ ਰੁਕਣ ਲਈ ਤਿਆਰ ਨਹੀਂ ਸੀ।

ਆਖ਼ਰ ਅਸੀਂ ਮੈਕਲੋਡਗੰਜ ਪਹੁੰਚ ਹੀ ਗਏ। ਉੱਥੇ ਪਹੁੰਚ ਕੇ ਸਾਡੀ ਹਾਲਤ ਅਜਿਹੀ ਹੋ ਚੁੱਕੀ ਸੀ ਕਿ ਹੁਣ ਸਾਨੂੰ ਘੁੰਮਣ-ਫਿਰਨ ਦਾ ਕੋਈ ਚਾਅ ਨਹੀਂ, ਸਗੋਂ ਸਿਰ ਲੁਕਾਉਣ ਲਈ ਇੱਕ ਛੱਤ ਦੀ ਜ਼ਰੂਰਤ ਸੀ। ਸਰੀਰ ਬੁਰੀ ਤਰ੍ਹਾਂ ਠੰਢਾ ਹੋ ਗਿਆ ਸੀ। ਅਸੀਂ ਸੋਚ ਰਹੇ ਸੀ ਕਿ ਜੇ ਕੋਈ ਕਮਰਾ ਮਿਲ ਜਾਵੇ ਤਾਂ ਉਸ ਵਿੱਚ ਬੈਠ ਕੇ ਕੁਝ ਸਮਾਂ ਆਰਾਮ ਕਰ ਲਈਏ, ਕੱਪੜੇ ਸੁਕਾ ਲਈਏ ਅਤੇ ਸਰੀਰ ਨੂੰ ਥੋੜ੍ਹੀ ਗਰਮਾਹਟ ਮਿਲ ਜਾਵੇ, ਪਰ ਕਿਸਮਤ ਨੇ ਸ਼ਾਇਦ ਅਜੇ ਸਾਡਾ ਹੋਰ ਇਮਤਿਹਾਨ ਲੈਣਾ ਸੀ।

15 ਅਗਸਤ ਦੀ ਛੁੱਟੀ ਹੋਣ ਕਾਰਨ ਮੈਕਲੋਡਗੰਜ ਵਿੱਚ ਸੈਲਾਨੀਆਂ ਦਾ ਹੜ੍ਹ ਆਇਆ ਹੋਇਆ ਸੀ। ਅਸੀਂ ਇੱਕ ਹੋਟਲ ਤੋਂ ਦੂਜੇ ਹੋਟਲ ਦੇ ਚੱਕਰ ਲਾਉਣੇ ਸ਼ੁਰੂ ਕੀਤੇ। ਹਰ ਹੋਟਲ ਵਿੱਚ ਜਾ ਕੇ ਪੁੱਛਦੇ ਕਿ ਕੋਈ ਕਮਰਾ ਖ਼ਾਲੀ ਹੈ, ਹਰ ਥਾਂ ਇੱਕੋ ਜਵਾਬ ਮਿਲਦਾ, ਕਮਰਾ ਖ਼ਾਲੀ ਨਹੀਂ। ਅਸੀਂ ਇੱਕ ਹੋਟਲ ਤੋਂ ਨਿਕਲ ਕੇ ਦੂਜੇ ਹੋਟਲ ਵਿੱਚ ਜਾਂਦੇ, ਫਿਰ ਤੀਜੇ ਵਿੱਚ ਅਤੇ ਇਸੇ ਤਰ੍ਹਾਂ ਪਤਾ ਨਹੀਂ ਕਿੰਨੇ ਹੋਟਲਾਂ ਦੇ ਦਰਵਾਜ਼ੇ ਖੜਕਾਏ। ਮੀਂਹ ਲਗਾਤਾਰ ਪੈ ਰਿਹਾ ਸੀ। ਸਰੀਰ ਠੰਢ ਨਾਲ ਕੰਬ ਰਿਹਾ ਸੀ ਅਤੇ ਮਨ ਵਿੱਚ ਹੁਣ ਸਿਰਫ਼ ਇੱਕੋ ਸਵਾਲ ਸੀ ਕਿ ਆਖ਼ਰ ਰਾਤ ਕਿੱਥੇ ਕੱਟਾਂਗੇ? ਜਿੱਥੇ ਜਾਣ ਲਈ ਅਸੀਂ ਏਨੇ ਉਤਸ਼ਾਹ ਨਾਲ ਘਰੋਂ ਨਿਕਲੇ ਸੀ, ਉਹੀ ਥਾਂ ਹੁਣ ਸਾਡੇ ਲਈ ਇੱਕ ਛੱਤ ਦੀ ਤਲਾਸ਼ ਬਣ ਗਈ ਸੀ।

ਅਜਿਹੇ ਵੇਲੇ ਇਨਸਾਨ ਨੂੰ ਆਪਣੀ ਹਰ ਛੋਟੀ-ਵੱਡੀ ਸਹੂਲਤ ਦੀ ਅਸਲ ਕੀਮਤ ਸਮਝ ਆਉਂਦੀ ਹੈ। ਘਰ ਦੀ ਛੱਤ, ਸੁੱਕੇ ਕੱਪੜੇ, ਗਰਮ ਬਿਸਤਰਾ ਅਤੇ ਇੱਕ ਪਿਆਲਾ ਗਰਮਾ ਗਰਮ ਚਾਹ ਇਹ ਸਭ ਕੁਝ ਆਮ ਦਿਨਾਂ ਵਿੱਚ ਕਿੰਨਾ ਚੰਗਾ ਲੱਗਦਾ ਹੈ, ਪਰ ਜਦੋਂ ਸਿਰ ’ਤੇ ਛੱਤ ਨਾ ਹੋਵੇ ਅਤੇ ਸਰੀਰ ਠੰਢ ਨਾਲ ਕੰਬ ਰਿਹਾ ਹੋਵੇ ਤਾਂ ਇਨ੍ਹਾਂ ਚੀਜ਼ਾਂ ਦੀ ਅਹਿਮੀਅਤ ਦਾ ਅਹਿਸਾਸ ਹੁੰਦਾ ਹੈ।

ਆਖ਼ਰਕਾਰ ਸਾਨੂੰ ਇੱਕ ਛੋਟਾ ਜਿਹਾ ਆਸਰਾ ਮਿਲਿਆ। ਮੈਕਲੋਡਗੰਜ ਦੇ ਛੋਟੇ ਜਿਹੇ ਬੱਸ ਸਟੈਂਡ ’ਤੇ ਪੁਲਸ ਵਾਲੇ ਅੱਗ ਬਾਲ ਕੇ ਬੈਠੇ ਹੋਏ ਸਨ। ਬਾਹਰ ਮੀਂਹ ਵਰ੍ਹ ਰਿਹਾ ਸੀ ਅਤੇ ਅਸੀਂ ਦੋਵੇਂ ਪੂਰੀ ਤਰ੍ਹਾਂ ਨਾਲ ਭਿੱਜੇ ਹੋਏ, ਠੰਢ ਨਾਲ ਕੰਬਦੇ ਹੋਏ ਉਨ੍ਹਾਂ ਕੋਲ ਪਹੁੰਚੇ। ਅਸੀਂ ਉਨ੍ਹਾਂ ਤੋਂ ਉੱਥੇ ਕੁਝ ਸਮਾਂ ਬੈਠਣ ਦੀ ਇਜਾਜ਼ਤ ਮੰਗੀ। ਉਨ੍ਹਾਂ ਪਹਿਲਾਂ ਸਾਡੇ ਵੱਲ ਕੌੜੀ ਜਿਹੀ ਨਜ਼ਰ ਨਾਲ ਦੇਖਿਆ ਤੇ ਫਿਰ ਬੈਠਣ ਦੀ ਇਜਾਜ਼ਤ ਦੇ ਦਿੱਤੀ। ਇਹ ਰਾਤ ਮੇਰੇ ਲਈ ਆਮ ਰਾਤਾਂ ਨਾਲੋਂ ਕਾਫ਼ੀ ਲੰਮੀ ਲੰਘੀ, ਇਸ ਤਰ੍ਹਾਂ ਮਹਿਸੂਸ ਹੋ ਰਿਹਾ ਸੀ, ਜਿਵੇਂ ਇਹ ਰਾਤ 12 ਦੀ ਬਜਾਏ 18 ਘੰਟਿਆਂ ਦੀ ਹੋ ਗਈ ਹੋਵੇ। ਇਹ ਰਾਤ ਮੇਰੀ ਜ਼ਿੰਦਗੀ ਦੀਆਂ ਸਭ ਤੋਂ ਅਜੀਬ ਰਾਤਾਂ ਵਿੱਚੋਂ ਇੱਕ ਸੀ। ਨਾ ਕੋਈ ਹੋਟਲ, ਨਾ ਕੋਈ ਬਿਸਤਰਾ, ਨਾ ਕੋਈ ਕੰਬਲ। ਸਿਰਫ਼ ਇੱਕ ਛੋਟਾ ਜਿਹਾ ਬੱਸ ਸਟੈਂਡ, ਬਾਹਰ ਵਰ੍ਹਦਾ ਮੀਂਹ, ਸ਼ੂਕਦੀ ਹਵਾ, ਠੰਢ ਨਾਲ ਕੰਬਦੇ ਸਰੀਰ ਅਤੇ ਅੱਗ ਕੋਲ ਬੈਠ ਕੇ ਰਾਤ ਕੱਟਣ ਦੀ ਜੱਦੋ-ਜਹਿਦ, ਅੱਲ੍ਹੜਪੁਣੇ ਦੀ ਖ਼ਾਸੀਅਤ ਵੀ ਇਹੀ ਹੈ ਕਿ ਜਿਹੜੀ ਗੱਲ ਉਸ ਵੇਲੇ ਮੁਸੀਬਤ ਲੱਗਦੀ ਹੈ, ਉਹੀ ਬਾਅਦ ਵਿੱਚ ਜ਼ਿੰਦਗੀ ਦਾ ਅਜਿਹਾ ਕਿੱਸਾ ਬਣ ਜਾਂਦੀ ਹੈ, ਜਿਸ ਨੂੰ ਵਾਰ-ਵਾਰ ਸੁਣਾਉਣ ਨੂੰ ਦਿਲ ਕਰਦਾ ਹੈ।

ਸਵੇਰ ਹੋਈ ਤਾਂ ਅਸੀਂ ਉੱਥੋਂ ਹੀ ਉਦਾਸ ਮਨਾਂ ਨਾਲ ਵਾਪਸੀ ਲਈ ਰਵਾਨਾ ਹੋ ਗਏ। ਰਾਤ ਦੀ ਥਕਾਵਟ ਸਰੀਰ ਵਿੱਚ ਸੀ, ਪਰ ਮਨ ਵਿੱਚ ਇੱਕ ਅਜੀਬ ਜਿਹੀ ਖ਼ਾਮੋਸ਼ੀ ਸੀ। ਰਸਤੇ ਵਿੱਚ ਅਸੀਂ ਸੋਚਦੇ ਰਹੇ ਕਿ ਆਖ਼ਰ ਅਸੀਂ ਏਨੇ ਮੀਂਹ ’ਚ, ਏਨੀ ਦੂਰ ਸਫ਼ਰ ਕਰਕੇ ਉੱਥੇ ਕਿਉਂ ਗਏ? ਕੀ ਮਿਲਿਆ ਸਾਨੂੰ ਇਸ ਸਫ਼ਰ ਵਿੱਚ? ਨਾ ਢੰਗ ਨਾਲ ਘੁੰਮ ਸਕੇ, ਨਾ ਕਿਤੇ ਠਹਿਰ ਸਕੇ ਅਤੇ ਨਾ ਹੀ ਆਰਾਮ ਨਾਲ ਰਾਤ ਕੱਟ ਸਕੇ। ਅੱਜ ਤੱਕ ਮੈਨੂੰ ਇਸ ਸਵਾਲ ਦਾ ਕੋਈ ਜਵਾਬ ਨਹੀਂ ਮਿਲਿਆ। ਸ਼ਾਇਦ ਉਸ ਉਮਰ ਵਿੱਚ ਹਰ ਸਵਾਲ ਦਾ ਜਵਾਬ ਲੱਭਣਾ ਜ਼ਰੂਰੀ ਵੀ ਨਹੀਂ ਹੁੰਦਾ। ਕਈ ਵਾਰ ਮਨ ਦੀ ਖਿੱਚ ਹੀ ਸਾਨੂੰ ਇਨ੍ਹਾਂ ਰਾਹਾਂ ’ਤੇ ਤੋਰ ਲੈਂਦੀ ਹੈ। ਕਈ ਵਾਰ ਮੰਜ਼ਲ ਨਾਲੋਂ ਸਫ਼ਰ ਵਧੇਰੇ ਪਿਆਰਾ ਲੱਗਦਾ ਅਤੇ ਕਈ ਵਾਰ ਅਸੀਂ ਕਿਸੇ ਥਾਂ ’ਤੇ ਪਹੁੰਚਣ ਲਈ ਨਹੀਂ, ਸਗੋਂ ਆਪਣੇ ਅੰਦਰ ਚਲਦੀ ਕਿਸੇ ਅਣਜਾਣ ਬੇਚੈਨੀ ਨੂੰ ਸ਼ਾਂਤ ਕਰਨ ਲਈ ਨਿਕਲ ਪੈਂਦੇ ਹਾਂ।

ਅੱਜ ਜਦੋਂ ਮੈਂ ਬੀਤੇ ਸਮੇਂ ਦੇ ਇਨ੍ਹਾਂ ਪੰਨਿਆਂ ਨੂੰ ਫੋਲਦਾ ਹਾਂ ਤਾਂ ਮਹਿਸੂਸ ਹੁੰਦਾ ਹੈ ਕਿ ਅੱਲ੍ਹੜਪੁਣਾ ਸੱਚਮੁੱਚ ਜ਼ਿੰਦਗੀ ਦਾ ਇੱਕ ਉਹ ਪੰਨਾ ਹੈ, ਜਿਸ ’ਤੇ ਕਦੇ ਧੂੜ ਦੇ ਕਣ ਨਹੀਂ ਜੰਮਦੇ। ਉਹ ਉਮਰ ਜਦੋਂ ਖ਼ਤਰੇ ਤਾਂ ਦਿਖਾਈ ਨਹੀਂ ਦਿੰਦੇ ਜਾਂ ਫਿਰ ਅਸੀਂ ਉਨ੍ਹਾਂ ਨੂੰ ਦੇਖਣਾ ਹੀ ਨਹੀਂ ਚਾਹੁੰਦੇ। ਉਸ ਵੇਲੇ ਦੋਸਤ ਦਾ ਇੱਕ ਫ਼ੋਨ ਹੀ ਕਾਫ਼ੀ ਹੁੰਦਾ ਹੈ, ਸਾਰੀ ਰਾਤ ਦਾ ਸਫ਼ਰ ਤੈਅ ਕਰਨ ਲਈ। ਮੀਂਹ ਪੈਂਦਾ ਹੋਵੇ ਤਾਂ ਵੀ ਮਨ ਨਹੀਂ ਮੰਨਦਾ, ਜੇਬ ਵਿੱਚ ਪੈਸੇ ਹੋਣ ਤਾਂ ਵੀ ਮੰਜ਼ਲ ਦੂਰ ਨਹੀਂ ਲੱਗਦੀ ਅਤੇ ਰਾਤ ਦਾ ਹਨੇਰਾ ਵੀ ਰੋਕ ਨਹੀਂ ਸਕਦਾ।

ਅੱਜ ਉਹ ਰਾਤਾਂ, ਉਹ ਸੜਕਾਂ, ਉਹ ਪਹਾੜ ਅਤੇ ਉਹ ਮੀਂਹ, ਸਭ ਕੁਝ ਯਾਦਾਂ ਦਾ ਹਿੱਸਾ ਬਣ ਚੁੱਕੇ ਹਨ। ਸਮਾਂ ਬੀਤ ਗਿਆ, ਪਰ ਮਨ ਦੇ ਕਿਸੇ ਕੋਨੇ ਵਿੱਚ ਉਹ ਅੱਲ੍ਹੜ ਉਮਰ ਅੱਜ ਵੀ ਜਿਉਂਦੀ ਹੈ। ਕਦੇ ਕਿਸੇ ਰਾਤ ਦੀ ਖ਼ਾਮੋਸ਼ੀ ਵਿੱਚ, ਕਦੇ ਮੀਂਹ ਦੀਆਂ ਕਣੀਆਂ ਦੀ ਆਵਾਜ਼ ਵਿੱਚ ਅਤੇ ਕਦੇ ਕਿਸੇ ਪਹਾੜੀ ਰਸਤੇ ਦੀ ਤਸਵੀਰ ਦੇਖ ਕੇ ਉਹ ਦਿਨ ਮੁੜ ਅੱਖਾਂ ਸਾਹਮਣੇ ਆ ਖੜ੍ਹਦੇ ਹਨ।

ਉਨ੍ਹਾਂ ਸਫ਼ਰਾਂ ਨੂੰ ਯਾਦ ਕਰਦਾ ਹਾਂ ਤਾਂ ਹਾਸਾ ਵੀ ਆਉਂਦਾ ਹੈ ਤੇ ਦਿਲ ਵਿੱਚ ਹਲਕਾ ਜਿਹਾ ਡਰ ਵੀ ਪੈਦਾ ਹੁੰਦਾ ਹੈ। ਸੋਚਦਾ ਹਾਂ ਕਿ ਕਿੰਨੀ ਵੱਡੀ ਬੇਵਕੂਫ਼ੀ ਸੀ, ਪਰ ਫਿਰ ਦਿਲ ਦਾ ਇੱਕ ਕੋਨਾ ਕਹਿੰਦਾ ਹੈ ਕਿ ਇਹੀ ਤਾਂ ਉਹ ਦਿਨ ਸਨ, ਜਿਨ੍ਹਾਂ ਨੇ ਜ਼ਿੰਦਗੀ ਨੂੰ ਯਾਦਗਾਰ ਬਣਾਇਆ। ਹੁਣ ਮਹਿਸੂਸ ਹੁੰਦਾ ਹੈ ਕਿ ਜ਼ਿੰਦਗੀ ਦੇ ਸਭ ਤੋਂ ਕੀਮਤੀ ਪਲ ਹਮੇਸ਼ਾ ਵੱਡੀਆਂ ਪ੍ਰਾਪਤੀਆਂ ਜਾਂ ਮਹਿੰਗੀਆਂ ਖ਼ੁਸ਼ੀਆਂ ’ਚ ਨਹੀਂ ਲੁਕੇ ਹੁੰਦੇ। ਕਈ ਵਾਰ ਉਹ ਇੱਕ ਦੋਸਤ ਦੇ ਫ਼ੋਨ ਵਿੱਚ ਹੁੰਦੇ ਹਨ, ਕਦੇ ਰਾਤ ਦੇ ਸਫ਼ਰ ਵਿੱਚ, ਕਦੇ ਕਿਸੇ ਅਜਨਬੀ ਵੱਲੋਂ ਦਿੱਤੇ ਕੁਝ ਸੰਤਰਿਆਂ ’ਚ ਅਤੇ ਕਦੇ ਮੀਂਹ ਤੋਂ ਬਚਣ ਲਈ ਕਿਸੇ ਛੋਟੇ ਜਿਹੇ ਬੱਸ ਸਟੈਂਡ ’ਚ ਬਿਤਾਈ ਰਾਤ। ਸਮੇਂ ਦੇ ਨਾਲ ਸਾਡੀ ਸੋਚ ਬਦਲ ਜਾਂਦੀ ਹੈ, ਪਰ ਕੁਝ ਯਾਦਾਂ ਕਦੇ ਪੁਰਾਣੀਆਂ ਨਹੀਂ ਹੁੰਦੀਆਂ, ਉਹ ਸਾਡੇ ਮਨ ਦੇ ਕਿਸੇ ਕੋਨੇ ਵਿੱਚ ਹਮੇਸ਼ਾ ਜਿਊਂਦੀਆਂ ਰਹਿੰਦੀਆਂ।

# ਮਾਈਕਲ ਫ਼ਿਲਮ ਦੇਖਦਿਆਂ...

ਗੋਵਰਧਨ ਗੱਬੀ



ਕਈ ਫਿਲਮਾਂ ਕਿਸੇ ਇਨਸਾਨ ਦੀ ਜ਼ਿੰਦਗੀ ਸੁਣਾਉਂਦੀਆਂ ਹਨ। ਕੁਝ ਫਿਲਮਾਂ ਉਸ ਇਨਸਾਨ ਦੀ ਜ਼ਿੰਦਗੀ ਸਮਝਾਉਣ ਦੀ ਕੋਸ਼ਿਸ਼ ਕਰਦੀਆਂ ਹਨ, ਪਰ ਮਾਈਕਲ ਜੈਕਸਨ ਦੀ ਜ਼ਿੰਦਗੀ ਆਪਣੇ-ਆਪ ਵਿੱਚ ਇੰਨੀ ਵੱਡੀ, ਇੰਨੀ ਅਜੀਬ ਅਤੇ ਇੰਨੀ ਵਿਰੋਧਾਭਾਸੀ ਸੀ ਕਿ ਉਸ ਨੂੰ ਇੱਕ ਫ਼ਿਲਮ ਵਿੱਚ ਸਮੇਟਣਾ ਲੱਗਭੱਗ ਅਸੰਭਵ ਹੈ।

ਇਸੇ ਕਰਕੇ ਮਾਈਕਲ ਨੂੰ ਦੇਖਦਿਆਂ ਸਭ ਤੋਂ ਪਹਿਲੀ ਗੱਲ ਜੋ ਮਨ ਵਿੱਚ ਆਉਂਦੀ ਹੈ, ਉਹ ਇਹ ਨਹੀਂ ਕਿ ਇਹ ਮਾਈਕਲ ਜੈਕਸਨ ਦੀ ਪੂਰੀ ਕਹਾਣੀ ਹੈ। ਇਹ ਉਸ ਕਹਾਣੀ ਦਾ ਇੱਕ ਵੱਡਾ ਹਿੱਸਾ ਹੈ ਪਰ ਪੂਰੀ ਕਹਾਣੀ ਨਹੀਂ। ਸ਼ਾਇਦ ਇਹੀ ਇਸ ਫ਼ਿਲਮ ਦੀ ਸਭ ਤੋਂ ਵੱਡੀ ਖ਼ੂਬੀ ਵੀ ਹੈ ਅਤੇ ਸਭ ਤੋਂ ਵੱਡੀ ਕਮੀ ਵੀ।

ਮਾਈਕਲ ਜੈਕਸਨ 29 ਅਗਸਤ 1958 ਨੂੰ ਅਮਰੀਕਾ ਦੇ ਇੰਡੀਆਨਾ ਰਾਜ ਦੇ ਗੈਰੀ ਸ਼ਹਿਰ ਵਿੱਚ ਜਨਮਿਆ। ਗੈਰੀ ਕੋਈ ਚਮਕਦਾ-ਦਮਕਦਾ ਸ਼ਹਿਰ ਨਹੀਂ ਸੀ। ਇਹ ਉਦਯੋਗਿਕ ਸ਼ਹਿਰ ਸੀ, ਜਿੱਥੇ ਮਜ਼ਦੂਰ ਪਰਵਾਰ ਆਪਣੀ ਰੋਜ਼ੀ-ਰੋਟੀ ਲਈ ਮਿਹਨਤ ਕਰਦੇ ਸਨ। ਮਾਈਕਲ ਦੇ ਪਿਤਾ ਜੋਸਫ ਜੈਕਸਨ ਵੀ ਅਜਿਹੀ ਹੀ ਜ਼ਿੰਦਗੀ ਜੀ ਰਹੇ ਸਨ। ਉਹ ਖੁਦ ਸੰਗੀਤ ਦੀ ਦੁਨੀਆ ਵਿੱਚ ਜਾਣਾ ਚਾਹੁੰਦੇ ਸਨ, ਪਰ ਹਾਲਾਤ ਨੇ ਉਨ੍ਹਾਂ ਨੂੰ ਮਜ਼ਦੂਰੀ ਵਾਲੀ ਜ਼ਿੰਦਗੀ ਵੱਲ ਧੱਕ ਦਿੱਤਾ।

ਸ਼ਾਇਦ ਜੋ ਸੁਪਨਾ ਜੋਸਫ ਜੈਕਸਨ ਖੁਦ ਪੂਰਾ ਨਹੀਂ ਕਰ ਸਕਿਆ, ਉਹ ਆਪਣੇ ਬੱਚਿਆਂ ਰਾਹੀਂ ਪੂਰਾ ਕਰਨਾ ਚਾਹੁੰਦਾ ਸੀ। ਇੱਥੋਂ ਹੀ ਮਾਈਕਲ ਦੀ ਕਹਾਣੀ ਦਾ ਸਭ ਤੋਂ ਦਿਲਚਸਪ ਅਤੇ ਸਭ ਤੋਂ ਦਰਦਨਾਕ ਅਧਿਆਇ ਸ਼ੁਰੂ ਹੁੰਦਾ ਹੈ। ਜੋਸਫ ਜੈਕਸਨ ਨੇ ਆਪਣੇ ਪੁੱਤਰਾਂ ਜੈਕੀ, ਟੀਟੋ, ਜਰਮਾਇਨ, ਮਾਰਲੋਨ ਅਤੇ ਮਾਈਕਲ ਨੂੰ ਇਕੱਠਾ ਕੀਤਾ। ਰਿਹਰਸਲਾਂ ਸ਼ੁਰੂ ਹੋਈਆਂ। ਗਾਉਣਾ, ਨੱਚਣਾ, ਸਟੇਜ ਉੱਤੇ ਖੜ੍ਹਨਾ, ਇੱਕ-ਦੂਜੇ ਨਾਲ ਤਾਲ ਮਿਲਾਉਣਾ ਭਾਵ ਹਰ ਚੀਜ਼ ਦੀ ਸਖ਼ਤ ਪ੍ਰੈਕਟਿਸ ਹੋਣ ਲੱਗੀ।

ਬਾਹਰੋਂ ਦੇਖੋ ਤਾਂ ਇਹ ਇੱਕ ਪਿਤਾ ਦਾ ਆਪਣੇ ਬੱਚਿਆਂ ਨੂੰ ਕਾਮਯਾਬ ਬਣਾਉਣ ਦਾ ਸੁਪਨਾ ਸੀ, ਪਰ ਅੰਦਰੋਂ ਦੇਖੋ ਤਾਂ ਇਹ ਇੱਕ ਅਜਿਹਾ ਘਰ ਸੀ, ਜਿੱਥੇ ਬੱਚਿਆਂ ਦੀ ਗ਼ਲਤੀ ਦੀ ਕੀਮਤ ਬਹੁਤ ਵੱਡੀ ਸੀ। ਰਿਹਰਸਲ ਵਿੱਚ ਗ਼ਲਤੀ ਹੋਈ ਤਾਂ ਡਾਂਟ। ਕਦਮ ਠੀਕ ਨਹੀਂ ਪਿਆ ਤਾਂ ਸਜ਼ਾ। ਗੀਤ ਵਿੱਚ ਗ਼ਲਤੀ ਹੋਈ ਤਾਂ ਗੁੱਸਾ ਅਤੇ ਕਈ ਵਾਰ ਬੈਲਟ ਨਾਲ ਮਾਰ ਵੀ।

ਇਹ ਗੱਲ ‘ਮਾਈਕਲ’ ਦੀ ਕਹਾਣੀ ਦਾ ਬਹੁਤ ਮਹੱਤਵਪੂਰਨ ਹਿੱਸਾ ਬਣ ਜਾਂਦੀ ਹੈ, ਕਿਉਂਕਿ ਇੱਥੇ ਸਾਨੂੰ ਇੱਕ ਅਜੀਬ ਵਿਰੋਧਾਭਾਸ ਦਿਖਾਈ ਦਿੰਦਾ ਹੈ।

ਜਿਸ ਆਦਮੀ ਨੇ ਮਾਈਕਲ ਨੂੰ ਸਟੇਜ ਦਾ ਬਾਦਸ਼ਾਹ ਬਣਾਉਣ ਵਿੱਚ ਵੱਡੀ ਭੂਮਿਕਾ ਨਿਭਾਈ, ਉਸੇ ਆਦਮੀ ਤੋਂ ਮਾਈਕਲ ਸਭ ਤੋਂ ਵੱਧ ਡਰਦਾ ਵੀ ਸੀ।

ਇੱਕ ਪਾਸੇ ਪਿਤਾ ਸੀ ਤੇ ਦੂਜੇ ਪਾਸੇ ਮੈਨੇਜਰ। ਇੱਕ ਪਾਸੇ ਪਰਵਾਰ ਸੀ ਤੇ ਦੂਜੇ ਪਾਸੇ ਬਿਜ਼ਨੈੱਸ। ਇੱਕ ਪਾਸੇ ਬੱਚਾ ਸੀ ਤੇ ਦੂਜੇ ਪਾਸੇ ਉਹ ਬੱਚਾ ਪਰਵਾਰ ਦੀ ਕਾਮਯਾਬੀ ਦਾ ਸਭ ਤੋਂ ਵੱਡਾ ਹਥਿਆਰ ਬਣਦਾ ਜਾ ਰਿਹਾ ਸੀ। ਫਿਰ ਆਇਆ ਉਹ ਪਲ ਜਦੋਂ ਜੈਕਸਨ 5 ਨੇ ਸਟੇਜ ਉੱਤੇ ਆਪਣੀ ਪਛਾਣ ਬਣਾਉਣੀ ਸ਼ੁਰੂ ਕੀਤੀ। ਇਸ ਗਰੁੱਪ ਵਿੱਚ ਇੱਕ ਬੱਚਾ ਅਜਿਹਾ ਸੀ, ਜਿਸ ਨੂੰ ਦੇਖ ਕੇ ਲੋਕਾਂ ਦੀ ਨਜ਼ਰ ਵਾਰ-ਵਾਰ ਉਸੇ ਉੱਤੇ ਟਿਕ ਜਾਂਦੀ ਸੀ।

ਉਹ ਸੀ ਮਾਈਕਲ। ਉਸ ਦੀ ਆਵਾਜ਼ ਉਸ ਦੀ ਉਮਰ ਤੋਂ ਵੱਡੀ ਲੱਗਦੀ ਸੀ। ਉਸ ਦਾ ਡਾਂਸ ਉਸ ਦੀ ਉਮਰ ਤੋਂ ਅੱਗੇ ਸੀ। ਉਸ ਦੀ ਸਟੇਜ-ਪ੍ਰਜ਼ੈਂਸ ਕਿਸੇ ਬੱਚੇ ਵਰਗੀ ਨਹੀਂ ਸੀ। ਇਹੀ ਮਾਈਕਲ ਦੀ ਸਭ ਤੋਂ ਵੱਡੀ ਖ਼ੂਬੀ ਬਣ ਗਈ ਅਤੇ ਇਹੀ ਉਸ ਦੀ ਜ਼ਿੰਦਗੀ ਦੀ ਸਭ ਤੋਂ ਵੱਡੀ ਸਮੱਸਿਆ ਵੀ ਬਣੀ, ਕਿਉਂਕਿ ਦੁਨੀਆ ਨੇ ਉਸ ਦੇ ਅੰਦਰ ਦਾ ਕਲਾਕਾਰ ਤਾਂ ਦੇਖ ਲਿਆ, ਪਰ ਬੱਚਾ ਨਹੀਂ ਦੇਖਿਆ।

ਜੈਕਸਨ 5 ਦੀ ਕਾਮਯਾਬੀ ਨੇ ਪਰਵਾਰ ਦੀ ਜ਼ਿੰਦਗੀ ਬਦਲ ਦਿੱਤੀ। ਗੈਰੀ ਦੀ ਸਧਾਰਨ ਜ਼ਿੰਦਗੀ ਤੋਂ ਉਹ ਮਨੋਰੰਜਨ ਦੀ ਦੁਨੀਆ ਦੇ ਵੱਡੇ ਮੰਚਾਂ ਤੱਕ ਪਹੁੰਚੇ। ਪਹਿਲਾਂ ਛੋਟੇ ਪ੍ਰੋਗਰਾਮ, ਫਿਰ ਵੱਡੇ ਮੰਚ, ਫਿਰ ਰਿਕਾਰਡਿੰਗਜ਼ ਅਤੇ ਆਖ਼ਰਕਾਰ ਮੋਟੋਨ ਕੰਪਨੀ।

1969 ਵਿੱਚ ਜੈਕਸਨ 5 ਦੀ ਪਹਿਲੀ ਐਲਬਮ ਆਈ ਅਤੇ ਫਿਰ ‘ਆਈ ਵਾਂਟ ਯੂ ਬੈਕ’, ‘ਏ ਬੀ ਸੀ’, ‘ਦਅ ਲਵ ਯੂ ਸੇਵ’ ਅਤੇ ‘ਆਈ ਵਿੱਲ ਬੀ ਦਿਅਰ’ ਵਰਗੇ ਗੀਤਾਂ ਨੇ ਉਨ੍ਹਾਂ ਨੂੰ ਅਮਰੀਕਾ ਦੇ ਸਭ ਤੋਂ ਵੱਡੇ ਪੌਪ ਗਰੁੱਪਾਂ ਵਿੱਚ ਪਹੁੰਚਾ ਦਿੱਤਾ।

‘ਏ ਬੀ ਸੀ’ ਸਿਰਫ਼ ਇੱਕ ਗੀਤ ਨਹੀਂ ਸੀ। ਇਹ ਇੱਕ ਬੱਚੇ ਦੇ ਵਿਸ਼ਵ-ਪੱਧਰੀ ਸਟਾਰ ਬਣਨ ਦੀ ਘੋਸ਼ਣਾ ਸੀ। ਇੱਥੇ ਇੱਕ ਸਵਾਲ ਪੈਦਾ ਹੁੰਦਾ ਹੈ ਕਿ ਜਦੋਂ ਇੱਕ ਬੱਚਾ ਦੁਨੀਆ ਲਈ ਸਟਾਰ ਬਣ ਜਾਂਦਾ ਹੈ ਤਾਂ ਕੀ ਉਹ ਆਪਣੇ ਲਈ ਬੱਚਾ ਰਹਿ ਜਾਂਦਾ ਹੈ?

ਮਾਈਕਲ ਦੀ ਜ਼ਿੰਦਗੀ ਇਸ ਸਵਾਲ ਦਾ ਬਹੁਤ ਦਰਦਨਾਕ ਜਵਾਬ ਹੈ। ਉਸ ਦੀ ਮਾਂ ਕੈਥਰੀਨ ਉਸ ਵਿੱਚ ਇੱਕ ਬੱਚਾ ਦੇਖਦੀ ਸੀ। ਉਹ ਚਾਹੁੰਦੀ ਸੀ ਕਿ ਮਾਈਕਲ ਆਪਣੇ ਹਾਣੀਆਂ ਨਾਲ ਮਿਲੇ, ਖੇਡੇ, ਦੋਸਤ ਬਣਾਏ, ਆਮ ਜ਼ਿੰਦਗੀ ਜੀਵੇ, ਪਰ ਮਾਈਕਲ ਲਈ ਆਮ ਜ਼ਿੰਦਗੀ ਹੁਣ ਰਹੀ ਹੀ ਨਹੀਂ ਸੀ। ਉਹ ਜਿੱਥੇ ਜਾਂਦਾ, ਲੋਕ ਉਸ ਨੂੰ ਪਛਾਣ ਲੈਂਦੇ।ਉਸ ਦੇ ਕੋਲ ਆ ਕੇ ਤਸਵੀਰਾਂ ਖਿਚਵਾਉਂਦੇ। ਆਟੋਗ੍ਰਾਫ ਮੰਗਦੇ।ਉਸ ਨੂੰ ਇੱਕ ਬੱਚੇ ਵਜੋਂ ਨਹੀਂ, ਇੱਕ ਸੈਲੀਬ੍ਰਿਟੀ ਵਜੋਂ ਦੇਖਦੇ।

ਇਸੇ ਲਈ ਜਦੋਂ ਉਸ ਦੀ ਮਾਂ ਪੁੱਛਦੀ ਹੈ ਕਿ ਤੂੰ ਆਪਣੀ ਉਮਰ ਦੇ ਬੱਚਿਆਂ ਨਾਲ ਦੋਸਤੀ ਕਿਉਂ ਨਹੀਂ ਕਰਦਾ? ਤਾਂ ਉਸ ਦਾ ਜਵਾਬ ਧੁਰ ਤੱਕ ਦਰਦ ਪਹੁੰਚਾਉਂਦਾ ਹੈ, ਉਹ ਮੈਨੂੰ ਆਮ ਬੱਚਾ ਸਮਝਦੇ ਹੀ ਨਹੀਂ।

ਇਹ ਇੱਕ ਛੋਟਾ ਜਿਹਾ ਵਾਕ ਹੈ, ਪਰ ਮਾਈਕਲ ਜੈਕਸਨ ਦੀ ਪੂਰੀ ਜ਼ਿੰਦਗੀ ਨੂੰ ਸਮਝਣ ਲਈ ਸ਼ਾਇਦ ਇਸ ਤੋਂ ਵੱਡਾ ਕੋਈ ਵਾਕ ਨਹੀਂ। ਉਸ ਕੋਲ ਦੁਨੀਆ ਸੀ, ਪਰ ਆਮ ਬਚਪਨ ਨਹੀਂ ਸੀ। ਉਸ ਕੋਲ ਪੈਸਾ ਸੀ, ਪਰ ਆਮ ਦੋਸਤ ਨਹੀਂ ਸਨ। ਉਸ ਕੋਲ ਸ਼ੋਹਰਤ ਸੀ, ਪਰ ਇਕੱਲਾਪਣ ਵੀ ਸੀ ਅਤੇ ਸ਼ਾਇਦ ਇਸੇ ਕਰਕੇ ਉਸ ਨੂੰ ਜਾਨਵਰਾਂ ਨਾਲ ਰਹਿਣਾ ਚੰਗਾ ਲੱਗਦਾ ਸੀ। ਚੂਹੇ, ਖਰਗੋਸ਼, ਚਿੰਪੈਂਜ਼ੀ, ਜੀਰਾਫ਼ ਅਤੇ ਹੋਰ ਜਾਨਵਰ ਉਸ ਦੀ ਦੁਨੀਆ ਦਾ ਹਿੱਸਾ ਬਣਦੇ ਗਏ। ਇਹ ਗੱਲ ਪਹਿਲੀ ਨਜ਼ਰ ਵਿੱਚ ਅਜੀਬ ਲੱਗ ਸਕਦੀ ਹੈ ਪਰ ਫ਼ਿਲਮ ਇਸ ਨੂੰ ਇੱਕ ਹੋਰ ਨਜ਼ਰੀਏ ਨਾਲ ਦੇਖਣ ਲਈ ਮਜਬੂਰ ਕਰਦੀ ਹੈ। ਇਨਸਾਨ ਉਸ ਨੂੰ ਸਟਾਰ ਸਮਝਦੇ ਸਨ। ਜਾਨਵਰ ਉਸ ਨੂੰ ਸ਼ਾਇਦ ਸਿਰਫ਼ ਮਾਈਕਲ ਸਮਝਦੇ ਸਨ। ਇਸ ਲਈ ਉਸ ਦਾ ਕਮਰਾ, ਉਸ ਦੇ ਜਾਨਵਰ ਅਤੇ ਉਸ ਦੀ ਆਪਣੀ ਬਣਾਈ ਹੋਈ ਦੁਨੀਆ ਇੱਕ ਅਜਿਹੇ ਬੱਚੇ ਦੀ ਤਸਵੀਰ ਬਣਾਉਂਦੇ ਹਨ, ਜਿਸ ਦਾ ਬਚਪਨ ਬਾਹਰਲੀ ਦੁਨੀਆ ਨੇ ਉਸ ਤੋਂ ਖੋਹ ਲਿਆ ਸੀ ਅਤੇ ਜਿਸ ਨੇ ਆਪਣਾ ਬਚਪਨ ਕਿਸੇ ਹੋਰ ਤਰੀਕੇ ਨਾਲ ਬਚਾ ਕੇ ਰੱਖਣ ਦੀ ਕੋਸ਼ਿਸ਼ ਕੀਤੀ। ਇਸੇ ਥਾਂ ‘ਮਾਈਕਲ ਫ਼ਿਲਮ’ ਸਿਰਫ਼ ਇੱਕ ਮਿਊਜ਼ੀਕਲ ਬਾਇਓਪਿਕ ਨਹੀਂ ਰਹਿੰਦੀ। ਇਹ ‘ਗੁਆਚੇ ਬਚਪਨ’ ਦੀ ਕਹਾਣੀ ਬਣ ਜਾਂਦੀ ਹੈ।

ਜਿਵੇਂ-ਜਿਵੇਂ ਮਾਈਕਲ ਵੱਡਾ ਹੁੰਦਾ ਗਿਆ, ਉਸ ਦੇ ਅਤੇ ਉਸ ਦੇ ਪਿਤਾ ਦੇ ਰਿਸ਼ਤੇ ਵਿੱਚ ਵੀ ਬਦਲਾਅ ਆਉਣ ਲੱਗਾ। ਜੋਸਫ ਜੈਕਸਨ ਲਈ ਸਫਲਤਾ ਇੱਕ ਪਰਵਾਰਕ ਪ੍ਰੋਜੈਕਟ ਸੀ।

ਉਸ ਦੀ ਸੋਚ ਸੀ ਕਿ ਜੇ ਇੱਕ ਪੁੱਤਰ ਕਾਮਯਾਬ ਹੋ ਗਿਆ ਹੈ ਤਾਂ ਪੂਰਾ ਪਰਵਾਰ ਅੱਗੇ ਵਧੇਗਾ, ਪਰ ਮਾਈਕਲ ਦੀ ਸੋਚ ਬਦਲ ਰਹੀ ਸੀ। ਹੁਣ ਉਹ ਸਿਰਫ਼ ਜੈਕਸਨ 5 ਦਾ ਹਿੱਸਾ ਨਹੀਂ ਰਹਿਣਾ ਚਾਹੁੰਦਾ ਸੀ। ਉਹ ਆਪਣੀ ਪਛਾਣ ਬਣਾਉਣਾ ਚਾਹੁੰਦਾ ਸੀ। ਇਹੀ ਥਾਂ ਪਿਤਾ ਅਤੇ ਪੁੱਤਰ ਦੇ ਵਿਚਕਾਰ ਅਸਲ ਟਕਰਾਅ ਸ਼ੁਰੂ ਹੁੰਦਾ ਹੈ।

ਮਾਈਕਲ ਦਾ ਕਲਾਕਾਰ ਜਨਮ ਲੈ ਰਿਹਾ ਸੀ। ਉਸ ਕਲਾਕਾਰ ਨੂੰ ਆਪਣੀ ਆਜ਼ਾਦੀ ਚਾਹੀਦੀ ਸੀ। ਉਸ ਦੀ ਸੋਲੋ ਕਾਮਯਾਬੀ ਨੇ ਇਹ ਸਾਬਤ ਕਰ ਦਿੱਤਾ ਕਿ ਮਾਈਕਲ ਨੂੰ ਜੈਕਸਨ 5 ਦੀ ਲੋੜ ਨਹੀਂ ਸੀ।

ਅੱਗੇ ਚੱਲ ਕੇ ‘ਆਫ਼ ਦਾ ਵਾਲ’ ਅਤੇ ਫਿਰ ‘ਥ੍ਰਿੱਲਰ’ ਨੇ ਉਸ ਨੂੰ ਸਿਰਫ਼ ਇੱਕ ਸਫਲ ਗਾਇਕ ਨਹੀਂ, ਬਲਕਿ ਦੁਨੀਆ ਦੇ ਸਭ ਤੋਂ ਵੱਡੇ ਪੌਪ ਕਲਾਕਾਰਾਂ ਵਿੱਚੋਂ ਇੱਕ ਬਣਾ ਦਿੱਤਾ।

ਉਸ ਦੇ ਆਲੇ-ਦੁਆਲੇ ਮੈਨੇਜਰ, ਰਿਕਾਰਡ ਕੰਪਨੀਆਂ, ਪ੍ਰਮੋਟਰਜ਼ ਅਤੇ ਇੱਕ ਪੂਰੀ ਇੰਟਰਟੇਨਮੈਂਟ ਦੀ ਦੁਨੀਆ ਸੀ ਅਤੇ ਵਿਚਕਾਰ ਖੜ੍ਹਾ ਸੀ ਮਾਈਕਲ।

ਇੱਕ ਅਜਿਹਾ ਜੁਆਨ ਜੋ ਦੁਨੀਆ ਨੂੰ ‘ਆਈਨੇ ਵਿਚਲਾ ਆਦਮੀ’ ਦਿਖਾ ਰਿਹਾ ਸੀ, ਪਰ ਸ਼ਾਇਦ ਖ਼ੁਦ ਆਪਣੇ ਅੰਦਰਲੇ ਆਇਨੇ ਨਾਲ ਸਭ ਤੋਂ ਵੱਧ ਲੜ ਰਿਹਾ ਸੀ।

ਇਸ ਪੂਰੇ ਸਫ਼ਰ ਵਿੱਚ ਜੋਸਫ ਜੈਕਸਨ ਦਾ ਕਿਰਦਾਰ ਵੀ ਸਿੱਧਾ ਕਾਲਾ ਜਾਂ ਚਿੱਟਾ ਨਹੀਂ ਰਹਿੰਦਾ। ਉਹ ਸਖ਼ਤ ਹੈ। ਕਈ ਵਾਰ ਨਿਰਦਈ ਲੱਗਦਾ ਹੈ, ਪਰ ਉਹ ਆਪਣੇ ਪਰਵਾਰ ਨੂੰ ਗਰੀਬੀ ਤੋਂ ਬਾਹਰ ਕੱਢਣਾ ਚਾਹੁੰਦਾ ਹੈ। ਉਸ ਦਾ ਆਪਣਾ ਅਧੂਰਾ ਸੁਪਨਾ ਵੀ ਹੈ। ਉਹ ਚਾਹੁੰਦਾ ਹੈ ਕਿ ਉਸ ਦੇ ਬੱਚੇ ਉਹ ਬਣਨ, ਜੋ ਉਹ ਖ਼ੁਦ ਨਹੀਂ ਬਣ ਸਕਿਆ। ਇਹੀ ਗੱਲ ਉਸ ਦੇ ਕਿਰਦਾਰ ਨੂੰ ਹੋਰ ਜਟਿਲ ਬਣਾਉਂਦੀ ਹੈ ਕਿਉਂਕਿ ਕਈ ਵਾਰ ਮਾਪੇ ਬੱਚੇ ਦਾ ਸੁਪਨਾ ਪੂਰਾ ਨਹੀਂ ਕਰਦੇ, ਸਗੋਂ ਉਹ ਆਪਣਾ ਸੁਪਨਾ ਬੱਚੇ ਰਾਹੀਂ ਪੂਰਾ ਕਰਦੇ ਹਨ ਅਤੇ ਮਾਈਕਲ ਇਸੇ ਦਬਾਅ ਤੋਂ ਆਪਣੀ ਆਜ਼ਾਦੀ ਲੱਭਦਾ ਹੈ।

ਆਖ਼ਰਕਾਰ ਉਹ ਆਪਣੇ ਪਿਤਾ ਨੂੰ ਆਪਣੇ ‘ਪ੍ਰੋਫੈਸ਼ਨਲ ਸਰਕਲ’ ਤੋਂ ਦੂਰ ਕਰਦਾ ਹੈ। ਇਹ ਸਿਰਫ਼ ਮੈਨੇਜਰ ਨੂੰ ਨੌਕਰੀ ਤੋਂ ਬਾਹਰ ਕਰਨਾ ਨਹੀਂ ਸੀ। ਇਹ ਉਸ ਬੱਚੇ ਦਾ ਵੱਡਾ ਹੋਣਾ ਸੀ, ਜਿਸ ਨੇ ਪਹਿਲੀ ਵਾਰ ਆਪਣੇ ਪਿਤਾ ਨੂੰ ਕਿਹਾ ਸੀ, ਹੁਣ ਮੇਰੀ ਜ਼ਿੰਦਗੀ ਦਾ ਫੈਸਲਾ ਮੈਂ ਖ਼ੁਦ ਕਰਾਂਗਾ।ਇੱਥੇ ਫ਼ਿਲਮ ਇੱਕ ਹੋਰ ਡੂੰਘੇ ਮੋੜ ਉੱਤੇ ਆਉਂਦੀ ਹੈ। ਮਾਈਕਲ ਆਪਣੇ ਪਿਤਾ ਤੋਂ ਦੂਰ ਹੋ ਰਿਹਾ ਹੈ। ਉਸ ਦੀ ਮਾਂ ਵਿਚਕਾਰ ਫਸੀ ਹੋਈ ਹੈ। ਪਰਵਾਰ ਇੱਕ ਪਾਸੇ ਹੈ। ਮਾਈਕਲ ਦੂਜੇ ਪਾਸੇ ਅਤੇ ਉਸ ਦੇ ਅੰਦਰ ਇੱਕ ਅਜਿਹੀ ਦੁਨੀਆ ਬਣ ਰਹੀ ਹੈ, ਜਿਸ ਨੂੰ ਸ਼ਾਇਦ ਉਸ ਦੇ ਸਭ ਤੋਂ ਨੇੜਲੇ ਲੋਕ ਵੀ ਪੂਰੀ ਤਰ੍ਹਾਂ ਨਹੀਂ ਸਮਝ ਸਕਦੇ।

ਇਹੀ ਉਹ ਮਾਈਕਲ ਹੈ, ਜਿਸ ਨੂੰ ਅਸੀਂ ਬਾਅਦ ਦੇ ਸਾਲਾਂ ਵਿੱਚ ਦੇਖਦੇ ਹਾਂ-‘ਨੈਵਰਲੈਂਡ’ ਬਣਾਉਂਦਾ ਹੋਇਆ, ਬੱਚਿਆਂ ਵਰਗੀ ਦੁਨੀਆ ਨਾਲ ਜੁੜਿਆ ਹੋਇਆ, ਆਪਣੇ ਸਰੀਰ ਅਤੇ ਚਿਹਰੇ ਨੂੰ ਬਦਲਦਾ ਹੋਇਆ ਅਤੇ ਹੌਲੀ-ਹੌਲੀ ਇੱਕ ਅਜਿਹੀ ਸ਼ਖ਼ਸੀਅਤ ਬਣਦਾ ਹੋਇਆ ਜਿਸ ਨੂੰ ਸਮਝਣਾ ਦੁਨੀਆ ਲਈ ਔਖਾ ਹੁੰਦਾ ਗਿਆ।ਉਸ ਦਾ ਮੁਹਾਂਦਰਾ ਵੀ ਉਸ ਦੀ ਕਹਾਣੀ ਦਾ ਇੱਕ ਵੱਡਾ ਹਿੱਸਾ ਬਣ ਗਈ। ਨੱਕ ਵਿੱਚ ਤਬਦੀਲੀਆਂ, ਚਿਹਰੇ ਦੀਆਂ ਤਬਦੀਲੀਆਂ, ਮੇਕਅਪ ਅਤੇ ਸਕਿਨ ਟੋਨ ਵਿੱਚ ਆਏ ਬਦਲਾਅ। ਇਹ ਸਭ ਕੁਝ ਲੋਕਾਂ ਲਈ ਚਰਚਾ ਦਾ ਵਿਸ਼ਾ ਬਣਿਆ।

ਪਰ ਇੱਥੇ ਵੀ ਇੱਕ ਗੱਲ ਸਮਝਣੀ ਚਾਹੀਦੀ ਹੈ। ਮਾਈਕਲ ਦੇ ਸਰੀਰ ਵਿੱਚ ਹੋਏ ਬਦਲਾਵਾਂ ਨੂੰ ਸਿਰਫ਼ ‘ਉਹ ਸੁੰਦਰ ਬਣਨਾ ਚਾਹੁੰਦਾ ਸੀ’ ਕਹਿ ਦੇਣਾ ਉਸ ਦੀ ਕਹਾਣੀ ਨੂੰ ਬਹੁਤ ਛੋਟਾ ਕਰ ਦੇਵੇਗਾ। ਇੱਕ ਅਜਿਹਾ ਬੱਚਾ ਜੋ ਛੋਟੀ ਉਮਰ ਤੋਂ ਕੈਮਰੇ ਦੇ ਸਾਹਮਣੇ ਵੱਡਾ ਹੋਇਆ, ਜਿਸ ਨੂੰ ਆਪਣੀ ਸ਼ਕਲ ਬਾਰੇ ਲਗਾਤਾਰ ਲੋਕਾਂ ਵਲੋਂ ਨਿੰਦਿਆ ਸਹਿਣੀ ਪਈ, ਉਸ ਦੇ ਲਈ ਆਪਣਾ ਚਿਹਰਾ ਵੀ ਇੱਕ ਤਰ੍ਹਾਂ ਦਾ ਜਨਤਾ ਦੀ ਮਲਕੀਅਤ ਬਣ ਗਿਆ ਸੀ।

ਦੁਨੀਆ ਇਹ ਨਹੀਂ ਜਾਣ ਸਕੀ ਕਿ ਸ਼ੀਸ਼ੇ ਦੇ ਸਾਹਮਣੇ ਖੜ੍ਹਾ ਮਾਈਕਲ ਖ਼ੁਦ ਆਪਣੇ-ਆਪ ਨੂੰ ਕਿਵੇਂ ਦੇਖਦਾ ਸੀ ਅਤੇ ਇਹ ਸਵਾਲ ਅੱਜ ਵੀ ਖੁੱਲ੍ਹਾ ਹੈ।

ਫ਼ਿਲਮ ਜਦੋਂ ਲੱਗਭੱਗ 1988 ਦੇ ਆਸ-ਪਾਸ ਦੇ ਦੌਰ ਤੱਕ ਪਹੁੰਚਦੀ ਹੈ ਤਾਂ ਸਾਨੂੰ ਇੱਕ ਅਜਿਹਾ ਮਾਈਕਲ ਦਿਖਾਈ ਦਿੰਦਾ ਹੈ, ਜੋ ਹੁਣ ਸਿਰਫ਼ ਜੈਕਸਨ 5 ਦਾ ਛੋਟਾ ਬੱਚਾ ਨਹੀਂ ਰਿਹਾ। ਉਹ ਦੁਨੀਆ ਦਾ ਸਭ ਤੋਂ ਵੱਡਾ ਪੋਪ ਸਟਾਰ ਬਣ ਚੁੱਕਾ ਹੈ ਪਰ ਇਸੇ ਮੰਜ਼ਲ ਉੱਤੇ ਫ਼ਿਲਮ ਦੀ ਸਭ ਤੋਂ ਵੱਡੀ ਵਿਡੰਬਨਾ ਸਾਹਮਣੇ ਆਉਂਦੀ ਹੈ। ਜਿੰਨਾ ਵੱਡਾ ਮਾਈਕਲ ਦੁਨੀਆ ਲਈ ਬਣਿਆ, ਓਨਾ ਹੀ ਛੋਟਾ ਉਸ ਦੇ ਅੰਦਰਲਾ ਬੱਚਾ ਰਹਿ ਗਿਆ ਅਤੇ ਸ਼ਾਇਦ ਇਸੇ ਕਰਕੇ ਪਿਤਾ ਨਾਲ ਆਖ਼ਰੀ ਉਲਝਾਅ ਇੰਨਾ ਪ੍ਰਭਾਵਸ਼ਾਲੀ ਲੱਗਦਾ ਹੈ।

ਸਟੇਜ ਉੱਤੇ ਖੜ੍ਹਾ ਪੁੱਤਰ ਆਪਣੇ ਪਿਤਾ ਤੋਂ ਆਪਣੀ ਆਜ਼ਾਦੀ ਦਾ ਐਲਾਨ ਕਰਦਾ ਹੈ। ਇਹ ਸਿਰਫ਼ ਇੱਕ ਸਮਾਰੋਹ ਦਾ ਪਲ ਨਹੀਂ। ਇਹ ਉਸ ਬੱਚੇ ਦੀ ਬਗਾਵਤ ਹੈ ਜੋ ਸਾਰੀ ਉਮਰ ਕਿਸੇ ਹੋਰ ਦੀਆਂ ਸ਼ਰਤਾਂ ਉੱਤੇ ਨੱਚਿਆ ਸੀ। ਹੁਣ ਉਹ ਆਪਣੀ ਧੁਨ ਉੱਤੇ ਨੱਚਣਾ ਚਾਹੁੰਦਾ ਹੈ, ਪਰ ਇੱਥੇ ਫ਼ਿਲਮ ਖ਼ਤਮ ਹੋ ਜਾਂਦੀ ਹੈ ਅਤੇ ਅਸਲ ਮਾਈਕਲ ਦੀ ਕਹਾਣੀ ਅਜੇ ਬਹੁਤ ਲੰਮੀ ਬਾਕੀ ਰਹਿੰਦੀ ਹੈ। 1988 ਤੋਂ ਬਾਅਦ ਮਾਈਕਲ ਜੈਕਸਨ ਦੀ ਜ਼ਿੰਦਗੀ ਹੋਰ ਵੀ ਅਜੀਬ, ਹੋਰ ਵੀ ਵੱਡੀ ਅਤੇ ਹੋਰ ਵੀ ਵਿਵਾਦਤ ਹੁੰਦੀ ਹੈ। ਉਸ ਨੇ ‘ਲੀਸਾ ਮੈਰੀ ਪਰੈਸਲੀ’ ਨਾਲ ਵਿਆਹ ਕੀਤਾ। ਬਾਅਦ ਵਿੱਚ ‘ਡੈਬੀ ਰੋਵੇ’ ਨਾਲ ਵਿਆਹ ਹੋਇਆ ਅਤੇ ਉਸ ਦੇ ਬੱਚੇ ਹੋਏ। ਉਸ ਦੀ ਨਿੱਜੀ ਜ਼ਿੰਦਗੀ ਹਮੇਸ਼ਾ ਜਨਤਕ ਬਹਿਸ ਦਾ ਕੇਂਦਰ ਰਹੀ। ਡਾਈਅਨਾ ਰੋਸ ਨਾਲ ਉਸ ਦਾ ਨਿੱਜੀ ਅਤੇ ਕਲਾਤਮਿਕ ਨਾਤਾ ਵੀ ਉਸ ਦੀ ਜ਼ਿੰਦਗੀ ਦੀਆਂ ਕਈ ਚਰਚਿਤ ਗੱਲਾਂ ਵਿੱਚੋਂ ਇੱਕ ਰਿਹਾ।

ਉਸ ਦੀ ਜ਼ਿੰਦਗੀ ਦੀ ਸਭ ਤੋਂ ਵੱਡੀ ਤ੍ਰਾਸਦੀ ਇਹ ਸੀ ਕਿ ਜਿਸ ਆਦਮੀ ਨੇ ਦੁਨੀਆ ਨੂੰ ‘ਹੀਲ ਦਾ ਵਰਲਡ’ ਗਾਉਣ ਲਈ ਕਿਹਾ, ਉਹ ਖ਼ੁਦ ਆਪਣੀ ਨਿੱਜੀ ਦੁਨੀਆ ਵਿੱਚ ਸ਼ਾਂਤੀ ਨਹੀਂ ਲੱਭ ਸਕਿਆ। ਉਸ ਉੱਤੇ ਬੱਚਿਆਂ ਨਾਲ ਜੁੜੇ ਗੰਭੀਰ ਦੋਸ਼ ਲੱਗੇ। ਉਸ ਦੀ ਜ਼ਿੰਦਗੀ ਕਾਨੂੰਨੀ ਅਤੇ ਮੀਡੀਆ ਵਿਵਾਦਾਂ ਵਿੱਚ ਘਿਰਦੀ ਗਈ। 2005 ਵਿੱਚ ਉਸ ਨੂੰ ਬੱਚੇ ਨਾਲ ਜੁੜੇ ਇੱਕ ਅਪਰਾਧਿਕ ਮਾਮਲੇ ਵਿੱਚ ਬਰੀ ਕਰ ਦਿੱਤਾ ਗਿਆ ਪਰ ਤਦ ਤੱਕ ਉਸ ਦੀ ਜਨਤਕ ਅਕਸ ਨੂੰ ਭਾਰੀ ਨੁਕਸਾਨ ਹੋ ਚੁੱਕਾ ਸੀ।

ਇੱਕ ਸਮਾਂ ਉਹ ਦੁਨੀਆ ਦਾ ਸਭ ਤੋਂ ਵੱਡਾ ਮਨੋਰੰਜਨ ਕਰਨ ਵਾਲਾ ਕਲਾਕਾਰ ਸੀ। ਫਿਰ ਇੱਕ ਸਮਾਂ ਆਇਆ ਜਦੋਂ ਦੁਨੀਆ ਉਸ ਨੂੰ ਸਿਰਫ਼ ਮਨੋਰੰਜਨ ਕਰਨ ਵਾਲੇ ਵਜੋਂ ਨਹੀਂ ਸਗੋਂ ਇੱਕ ਵਿਵਾਦ ਵਜੋਂ ਦੇਖਣ ਲੱਗੀ ਅਤੇ ਇਹੀ ਮਾਈਕਲ ਜੈਕਸਨ ਦਾ ਦੁਖਾਂਤ ਹੈ।

ਉਹ ਇਤਿਹਾਸ ਦਾ ਸ਼ਾਇਦ ਸਭ ਤੋਂ ਵੱਡਾ ਪੋਪ ਸਟਾਰ ਬਣਿਆ ਪਰ ਆਪਣੇ ਅਕਸ ਦਾ ਮਾਲਕ ਹੌਲੀ-ਹੌਲੀ ਖ਼ੁਦ ਨਹੀਂ ਰਿਹਾ। 29 ਅਗਸਤ 1958 ਨੂੰ ਗੈਰੀ ਦਾ ਇੱਕ ਬੱਚਾ ਜਨਮ ਲੈਂਦਾ ਹੈ। ਉਹ ਬੱਚਾ ਗਾਉਂਦਾ ਹੈ। ਨੱਚਦਾ ਹੈ। ਪਰਵਾਰ ਨੂੰ ਗਰੀਬੀ ਤੋਂ ਬਾਹਰ ਕੱਢਦਾ ਹੈ। ਦੁਨੀਆ ਨੂੰ ‘ਥਰਿਲਰ’ ਦਿੰਦਾ ਹੈ। ‘ਮੂਨਵਾਕ’ ਨੂੰ ਇਤਿਹਾਸ ਵਿੱਚ ਲਿਖ ਦਿੰਦਾ ਹੈ। ਫਿਰ 25 ਜੂਨ 2009 ਨੂੰ, ਕੇਵਲ 50 ਸਾਲ ਦੀ ਉਮਰ ਵਿੱਚ, ਉਸ ਦੀ ਜ਼ਿੰਦਗੀ ਅਚਾਨਕ ਖਤਮ ਹੋ ਜਾਂਦੀ ਹੈ।

ਅਸਲ ਸਵਾਲ ਸ਼ਾਇਦ ਇਹ ਹੈ ਕਿ ਕੀ ਮਾਈਕਲ ਜੈਕਸਨ ਦੀ ਮੌਤ 2009 ਵਿੱਚ ਹੋਈ ਸੀ ਜਾਂ ਉਸ ਦਾ ਆਮ ਬਚਪਨ ਉਸ ਤੋਂ ਕਈ ਦਹਾਕੇ ਪਹਿਲਾਂ ਹੀ ਮਰ ਗਿਆ ਸੀ?

‘ਮਾਈਕਲ’ ਨੂੰ ਦੇਖਣ ਤੋਂ ਬਾਅਦ ਇਹ ਸਵਾਲ ਮਨ ਵਿੱਚ ਰਹਿ ਜਾਂਦਾ ਹੈ, ਕਿਉਂਕਿ ਫ਼ਿਲਮ ਸਾਨੂੰ ਇੱਕ ਬਹੁਤ ਵੱਡਾ ਕਲਾਕਾਰ ਬਣਨ ਦੀ ਕਹਾਣੀ ਦਿਖਾਉਂਦੀ ਹੈ ਪਰ ਉਸ ਦੇ ਪਿੱਛੇ ਇੱਕ ਛੋਟਾ ਬੱਚਾ ਖੜ੍ਹਾ ਹੈ। ਉਹ ਬੱਚਾ ਜੋ ਰਿਹਰਸਲ ਵਿੱਚ ਗ਼ਲਤੀ ਕਰਨ ਤੋਂ ਡਰਦਾ ਸੀ।

ਉਹ ਬੱਚਾ ਜੋ ਪਿਤਾ ਦੀ ਬੈਲਟ ਤੋਂ ਡਰਦਾ ਸੀ। ਉਹ ਬੱਚਾ ਜਿਸ ਕੋਲ ਦੁਨੀਆ ਦਾ ਪਿਆਰ ਸੀ, ਪਰ ਆਪਣੀ ਉਮਰ ਦੇ ਬੱਚਿਆਂ ਦੀ ਆਮ ਦੋਸਤੀ ਨਹੀਂ ਸੀ। ਉਹ ਬੱਚਾ ਜਿਸ ਨੂੰ ਜਾਨਵਰਾਂ ਵਿੱਚ ਸਹਾਰਾ ਮਿਲਦਾ ਸੀ। ਉਹ ਬੱਚਾ ਜਿਸ ਨੇ ਬਹੁਤ ਛੋਟੀ ਉਮਰ ਵਿੱਚ ਵੱਡਿਆਂ ਦੀ ਦੁਨੀਆ ਵਿੱਚ ਕਦਮ ਰੱਖ ਲਿਆ ਸੀ। ਫਿਰ ਉਹੀ ਬੱਚਾ ਦੁਨੀਆ ਦਾ ਮਾਈਕਲ ਜੈਕਸਨ ਬਣ ਗਿਆ। ਇਸ ਲਈ ਮੇਰੇ ਲਈ ‘ਮਾਈਕਲ’ ਦੀ ਸਭ ਤੋਂ ਵੱਡੀ ਕਹਾਣੀ ਉਸ ਦੇ ਗੀਤ ਨਹੀਂ ਹਨ। ਉਸ ਦਾ ਡਾਂਸ ਵੀ ਨਹੀਂ। ਮੂਨਵਾਕ ਵੀ ਨਹੀਂ।

‘ਥ੍ਰਿੱਲਰ’ ਵੀ ਨਹੀਂ। ਇਸ ਫ਼ਿਲਮ ਦੀ ਅਸਲ ਕਹਾਣੀ ਹੈ-ਇੱਕ ਬੱਚੇ ਦੀ, ਜਿਸ ਨੇ ਦੁਨੀਆ ਨੂੰ ਮਨੋਰੰਜਨ ਦਿੱਤਾ, ਪਰ ਦੁਨੀਆ ਉਸ ਦਾ ਬਚਪਨ ਵਾਪਸ ਨਹੀਂ ਦੇ ਸਕੀ। ਸ਼ਾਇਦ ਇਸੇ ਕਰਕੇ ਇਹ ਬਾਇਓਪਿਕ ਅੱਧੀ ਹੋ ਕੇ ਵੀ ਪੂਰੀ ਲੱਗਦੀ ਹੈ ਕਿਉਂਕਿ ਜਿੱਥੇ ਫ਼ਿਲਮ ਖ਼ਤਮ ਹੁੰਦੀ ਹੈ, ਉੱਥੇ ਮਾਈਕਲ ਜੈਕਸਨ ਦੀ ਅਸਲ ਤਰਾਸਦੀ ਸ਼ੁਰੂ ਹੁੰਦੀ ਹੈ।ਇੱਕ ਪਾਸੇ ਦੁਨੀਆ ਉਸ ਨੂੰ ਪੌਪ ਦਾ ਰਾਜਾ ਕਹਿੰਦੀ ਰਹੀ, ਦੂਜੇ ਪਾਸੇ ਉਹ ਸ਼ਾਇਦ ਅੰਦਰੋਂ ਅਜੇ ਵੀ ਉਹੀ ਗੈਰੀ ਦਾ ਛੋਟਾ ਮਾਈਕਲ ਸੀ। ਜੋ ਆਪਣੇ ਕਮਰੇ ਵਿੱਚ ਜਾਨਵਰਾਂ ਨਾਲ ਰਹਿਣਾ ਚਾਹੁੰਦਾ ਸੀ। ਜੋ ਆਮ ਬੱਚਿਆਂ ਨਾਲ ਦੋਸਤੀ ਕਰਨਾ ਚਾਹੁੰਦਾ ਸੀ, ਪਰ ਜਿਸ ਨੂੰ ਦੁਨੀਆ ਨੇ ਆਮ ਬੱਚਾ ਬਣਨ ਦਾ ਮੌਕਾ ਹੀ ਨਹੀਂ ਦਿੱਤਾ।ਇਹੀ ‘ਮਾਈਕਲ’ ਦਾ ਸਭ ਤੋਂ ਡੂੰਘਾ ਦੁੱਖ ਹੈ। ਦੁਨੀਆ ਨੇ ਉਸ ਨੂੰ ਸਟਾਰ ਬਹੁਤ ਜਲਦੀ ਬਣਾ ਦਿੱਤਾ, ਪਰ ਇਨਸਾਨ ਬਣਨ ਲਈ ਉਸ ਨੂੰ ਪੂਰੀ ਉਮਰ ਵੀ ਨਹੀਂ ਮਿਲੀ।

ਮੋਬਾ. 94171-73700